੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

ਖ਼ਾਲਸਾ ਸਮਾਚਾਰ
Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 27, 8-14 July, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੭, ੮-੧੪ ਜੁਲਾਈ ੨੦੨੧, ਜਿਲਦ ੩੧ | ੨੪-੩੦ ਹਾੜ ੨੦੭੮, ਨਾਨਕਸ਼ਾਹੀ ਸੰਮਤ ੫੫੩

# ਇਤਿਹਾਸ ਤੇ ਸਿੱਖ

❖ ਭਾਈ ਸਾਹਿਬ ਭਾਈ ਵੀਰ ਸਿੰਘ

ਇਹ ਲੇਖ ਭਾਈ ਸਾਹਿਬ ਨੇ ਉਦੋਂ ਲਿਖਿਆ ਸੀ ਜਦੋਂ ਇਤਿਹਾਸ ਨੂੰ ਸਾਂਭਣ ਵਾਲੇ ਪਾਸੇ ਯਤਨ ਬਹੁਤ ਸੀਮਤ ਸਨ। ਅੱਜ ਜਦਕਿ ਇਤਿਹਾਸ ਨੂੰ ਸਾਂਭਣ ਲਈ ਕਈ ਤਰ੍ਹਾਂ ਦੀਆਂ ਆਧੁਨਿਕ ਸੁਵਿਧਾਵਾਂ ਹਨ ਤੇ ਕਾਫ਼ੀ ਕੰਮ ਹੋ ਰਿਹਾ ਹੈ, ਪਰ ਹਾਲੇ ਵੀ ਬਹੁਤ ਕੁਝ ਹੈ ਜਿਸਦੀ ਸੰਭਾਲ ਦੀ ਬਹੁਤ ਲੋੜ ਹੈ। ਭਾਈ ਵੀਰ ਸਿੰਘ ਦੀ ਪ੍ਰੇਰਨਾ ਕਾਰਨ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਸਥਾਪਿਤ ਕੀਤਾ ਗਿਆ ਜਿਸਦੇ ਮੁਖੀ ਡਾ. ਗੰਡਾ ਸਿੰਘ ਸਨ। ਭਾਈ ਵੀਰ ਸਿੰਘ ਸਾਹਿਤ ਸਦਨ ਨੇ ਦੁਰਲੱਭ ਬੀੜਾਂ ਨੂੰ ਡਿਜੀਟਾਈਜ਼ ਕਰਕੇ ਚਾਰ ਭਾਗਾਂ 'ਚ ਕੈਟਲਾਗ ਛਾਪਿਆ ਹੈ ਤੇ ਸਦਨ ਵਿਚ ਮਰਿਆਦਾ ਨਾਲ ਬੀੜਾਂ ਦੀ ਸਾਂਭ-ਸੰਭਾਲ ਲਈ ਕੰਜ਼ਰਵੇਸ਼ਨ ਯੂਨਿਟ ਖੋਲਿਆ ਗਿਆ ਹੈ। - ਸੰਪਾਦਕ

ਇਤਿਹਾਸ ਕੌਮੀਅਤ ਦੀ ਜਾਨ ਹੈ, ਇਤਿਹਾਸ ਕੌਮਾਂ ਦੇ ਪ੍ਰਾਣ ਹੈ, ਇਤਿਹਾਸ ਕੌਮਾਂ ਦੀ ਸ਼ਾਨ ਹੈ, ਇਤਿਹਾਸ ਰੌਸ਼ਨ ਮੁਨਾਰੇ ਦਾ ਕੰਮ ਦੇਂਦਾ ਹੈ ਆਦਰਸ਼ ਭੁੱਲ ਚੁਕੀਆਂ ਕੌਮਾਂ ਨੂੰ ਇਤਿਹਾਸ ਜਾਗ੍ਰਤੀ ਦਾ ਕੰਮ ਦੇਂਦਾ ਹੈ, ਪਾਟੋ ਪਾੜ ਹੋ ਖੇਰੂ ਖੇਰੂ ਹੋ ਰਹੀਆਂ ਜਾਤੀਆਂ ਨੂੰ ਇਤਿਹਾਸ ਸਾਹਸ ਬਨ੍ਹਾਂਦਾ ਹੈ, ਨਸਲਾਂ ਨੂੰ ਉੱਨਤੀ ਦੇ ਮੈਦਾਨ ਵਿਚ ਕਦਮ ਰੱਖਣ ਲਈ ਇਤਿਹਾਸ ਉਤਸ਼ਾਹ ਤੇ ਉਮਾਹ ਭਰਦਾ ਹੈ, ਹਿੰਮਤ ਤੇ ਹੌਸਲੇ ਦਾ ਲੱਕ ਤੋੜ ਚੁਕੀਆਂ ਵਯਕਤੀਆਂ ਦੇ ਦਿਲਾਂ ਵਿਚ ਇਤਿਹਾਸ ਰੌਸ਼ਨੀ ਪਾਂਦਾ ਹੈ ਕਰਨ ਲੱਗੇ ਕੰਮ ਦੇ ਵਿਚ ਆਉਣ ਵਾਲੀਆਂ ਰੁਕਾਵਟਾਂ ਤੇ ਹੋਣ ਵਾਲੀਆਂ ਭੁੱਲਾਂ ਤੇ ਚੰਗੀ ਤਰ੍ਹਾਂ ਗਯਾਤਾ ਕਰ ਰਾਹਨੁਮਾ ਬਣਦਾ ਹੈ। ਇਹੋ ਹੀ ਕਾਰਨ ਹੈ ਕਿ ਹਰ ਜੀਉਣਾਂ ਲੋਚਣ ਵਾਲੀ ਕੌਮ ਤੇ ਹਰ ਸੱਭਯ ਜਾਤੀ ਆਪਣੇ ਇਤਿਹਾਸ ਨਾਲ ਜੀਅ ਤੇ ਜਾਨ ਵਾਂਗ ਵਧਕੇ ਪਿਆਰ ਕਰਦੀ ਤੇ ਇਸਨੂੰ ਹਰ ਆਫਤ ਤੋਂ ਬਚਾਂਦੀ ਹੈ, ਕਿਉਂਕਿ ਇਸਦੀ ਕਾਇਮੀ ਅਸਲ ਵਿਚ ਉਸਦੀ ਕਾਇਮੀ ਤੇ ਇਸਦਾ ਬਚਾਉ ਠੀਕ ਉਸਦਾ ਆਪਣਾ ਬਚਾਉ ਹੈ।

ਹਰ ਇਕ ਕੌਮ ਆਪਣੇ ਇਤਿਹਾਸ ਤੇ ਮਾਣ ਕਰਦੀ ਹੈ ਤੇ ਹਰ ਕੌਮ ਆਪਣੇ ਵੱਡਿਆਂ ਦੇ ਕਾਰਨਾਮਿਆਂ ਨੂੰ ਫ਼ਖਰ ਨਾਲ ਬਿਆਨ ਕਰਦੀ ਹੈ, ਕਿੰਤੂ ਜੋ ਸ਼ਾਨ ਸਿੱਖ ਇਤਿਹਾਸ ਦੀ ਹੈ, ਜੋ ਖ਼ੂਬੀ ਸਿੱਖ ਵਡੇਰਿਆਂ ਦੇ ਜੀਵਨ ਤੋਂ ਟਪਕਦੀ ਹੈ ਉਸਨੂੰ ਸਾਹਮਣੇ ਰੱਖਕੇ ਬਿਨਾਂ ਕਿਸੇ ਤਰ੍ਹਾਂ ਦੇ ਭੈ ਦੇ ਕਿਹਾ ਜਾ ਸਕਦਾ ਹੈ ਕਿ ਜੋ ਦਰਜਾ ਧਾਤਾਂ ਵਿਚ ਸੋਨੇ ਨੂੰ, ਜੋ ਪਦਵੀ ਅਨਾਜਾਂ ਵਿਚੋਂ ਕਣਕ ਨੂੰ ਤੇ ਜੋ ਪੋਜ਼ੀਸ਼ਨ ਦ੍ਰਿਸ਼ਟਮਾਨ ਚੀਜ਼ਾਂ ਵਿਚੋਂ ਮਨੁੱਖ ਨੂੰ ਪ੍ਰਾਪਤ ਹੈ ਉਹੋ ਹੀ ਦਰਜਾ ਸਿੱਖ ਇਤਿਹਾਸ ਨੂੰ ਦੂਜੀਆਂ ਕੌਮਾਂ ਦੇ ਇਤਿਹਾਸਾਂ ਦੇ ਮੁਕਾਬਲੇ ਤੋਂ ਪ੍ਰਾਪਤ ਹੈ। ਜੇਕਰ ਸਿੱਖ ਇਸ ਗੱਲ ਤੇ ਮਾਣ ਕਰ ਸਕਦੇ ਹਨ ਕਿ ਉਹਨਾਂ ਦੇ ਪਾਸ ਸ਼ੁਧ ਤੇ ਹਰ ਤਰ੍ਹਾਂ ਦੀ ਮਿਲਾਵਟ ਤੋਂ ਰੈਹਤ ਪ੍ਰਾਣੀ ਮਾਤਰ ਦੀ ਕਲਯਾਨ ਲਈ ਅਕਾਲੀ ਬਾਣੀ ਹੈ, ਤਦ ਉਸੇ ਤਰ੍ਹਾਂ ਹੌਸਲੇ ਨਾਲ ਛਾਤੀ ਤੇ ਹੱਥ ਰੱਖ ਸਿੱਖ ਇਹ ਭੀ ਕੈਹ ਸਕਦੇ ਹਨ ਕਿ ਇਹਨਾਂ ਵਿਚ ਕਰਨੀ ਦੇ ਸੂਰੇ, ਕਥਨੀ ਦੇ ਪੂਰੇ, ਆਚਰਨ ਦੇ ਸ਼ੁੱਧ, ਆਚਰਨ ਦੇ ਉੱਚ, ਕਰਮ ਬੀਰ ਤੇ ਧਰਮ ਬੀਰ ਇੰਨੇ ਵੀਰ ਹੋ ਚੁਕੇ ਹਨ, ਜਿੰਨ੍ਹਾਂ ਜਿੰਨੇ ਤੇ ਜਿਨ੍ਹਾਂ ਜਹੇ ਹੋਰ ਤੋਂ

ਅੰਦਰ............

☐ ਗੁਰੂ ਤੇਗ਼ ਬਹਾਦਰ ਸਾਹਿਬ... 3
☐ ਮੇਰੀ ਖਿੜੀ ਰਹੇ ਗੁਲਜ਼ਾਰ: ਧਰਮ ਰਖਸ਼ਕ 6
☐ Bhai Mani Singh 7
☐ ਸੰਤ ਬਿਮਲਾ ਸਿੰਘ: ਪਤਿਤ ਪਵਿੱਤ੍ਰ 9
☐ ਸੌ ਸਾਲ ਪਹਿਲਾਂ: ਸਾਡੀ ਅੱਜ ਕੱਲ੍ਹ ਦੀ ਦਸ਼ਾ 10
☐ ਸ਼ਬਦ ਵਿਆਖਿਆ 11
☐ ਖ਼ਬਰ-ਸਾਰ 12

ਮਿਲਨੇ ਅਸੰਭਵ ਨਹੀਂ ਤਾਂ ਕਠਨ ਜ਼ਰੂਰ ਹਨ। ਹਰ ਕੌਮ ਆਪਣੇ ਹੱਥਾਂ ਤੇ ਵਡਿਆਂ ਦੀ ਸੱਤਯਤਾ ਤੇ ਗੌਰਵਤਾ ਦੇ ਸੋਹਲੇ ਆਪ ਗਾਉਂਦੀ ਹੈ, ਕਿੰਤੂ ਸਿੱਖ ਤੇ ਹਾਂ ਕੇਵਲ ਸਿੱਖ ਹੀ ਇਸ ਗੱਲ ਤੇ ਮਾਣ ਤੇ ਜਾਇਜ਼ ਤੌਰ ਤੇ ਮਾਣ ਕਰ ਸਕਦੇ ਹਨ ਕਿ ਉਹਨਾਂ ਦੇ ਵੱਡਿਆਂ ਦੇ ਸੋਹਲੇ ਦੂਜੀਆਂ ਜਾਤੀਆਂ ਵਾਲੇ ਤੇ ਹੋਰ ਕੌਮ ਵਾਲੇ ਗਾਉਂਦੇ ਹਨ।

ਦੂਜੀਆਂ ਕੌਮਾਂ ਇਤਿਹਾਸ ਦੀ ਭਾਲ ਤੇ ਸੰਭਾਲ ਲਈ ਕਿਸ ਯਤਨ ਤੇ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ ਇਸਦਾ ਕੁਝ-ਕੁਝ ਪਤਾ ਦੇਵਨਾਗਰੀ ਪ੍ਰਚਾਰਣੀ ਸਭਾ ਵਲੋ ਪਿਛਲੇ ਸਾਲ ਦੀ ਜੋ ਰੀਪੋਰਟ ਸੁਣਾਈ ਗਈ ਉਸ ਵਿਚੋਂ ਲੱਗਦਾ ਹੈ, ਇਨ੍ਹਾਂ ਦੱਸਿਆ ਕਿ ਇੰਨ੍ਹਾਂ ਦੇ ਅਧੀਨ ਪੰਡਤ ਸ਼ਾਮ ਬਿਹਾਰੀ ਮਿਸਰ ਐਮ. ਏ. ਦੀ ਪ੍ਰਧਾਨਗੀ ਵਿਚ ਇਤਿਹਾਸ ਖੋਜਕ ਕਮੇਟੀ ਜੋ ਕੰਮ ਕਰ ਰਹੀ ਹੈ, ਉਸਨੇ ਇਸ ਸਾਲ 72 ਪ੍ਰਚੀਨ ਪੁਸਤਕਾਂ ਲੱਭੀਆਂ ਹਨ ਜਿਨ੍ਹਾਂ ਵਿਚੋਂ ਇਕ ਅੱਜ ਤੋਂ 7 ਸੌ ਸਾਲ ਪਹਿਲੇ ਦੀ, 6 ਚਾਰ ਚਾਰ ਸੌ, 9 ਤਿੰਨ ਤਿੰਨ ਸੌ, 22 ਦੋ ਦੋ ਸੌ ਸਾਲ ਦੀਆਂ ਲਿਖੀਆਂ ਹਨ, 17 ਦੇ ਲਿਖੇ ਜਾਣ ਦੇ ਸਮੇਂ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ।

ਮੈਹਤਾ ਜੋਧ ਸਿੰਘ ਨੇ 200) ਰੁਪਯੇ ਦਾ ਇਨਾਮ ਉਸ ਆਦਮੀ ਨੂੰ ਦੇਣ ਦਾ ਏਲਾਨ ਕੀਤਾ ਹੈ, ਜੇਹੜਾ ਕਿ ਬੜੀ ਅੱਛੀ ਇਤਿਹਾਸਕ ਪੁਸਤਕ 1921-22 ਵਿਚ ਲਿਖਕੇ ਪ੍ਰਕਾਸ਼ਤ ਕਰਾਏਗਾ, ਉਸਨੂੰ ਰਾਧਾ ਕ੍ਰਿਸ਼ਨ ਦਾਸ ਮੈਡਲ ਵੀ ਦਿੱਤਾ ਜਾਏਗਾ, ਇਸ ਕਮੇਟੀ ਵੱਲੋਂ ਇਸ ਕੰਮ ਲਈ 1000) ਰੁਪਯਾ ਇਸ ਸਾਲ ਇਤਿਹਾਸਕ ਪੁਸਤਕਾਂ ਦੇ ਲੇਖਕਾਂ ਦੇ ਹੌਂਸਲੇ ਵਧਾਣ ਲਈ ਖ਼ਰਚ ਕੀਤਾ ਜਾਏਗਾ।

ਸਿੱਖਾਂ ਦਾ ਆਪਣੇ ਇਤਿਹਾਸ ਦੀ ਭਾਲ ਤੇ ਸੰਭਾਲ ਲਈ ਯਤਨ ਕਿਤੇ ਬਾਕਾਇਦਾ ਨਹੀਂ ਹੋ ਰਿਹਾ। ਪਿਛਲੀਆਂ ਦੋ ਸਦੀਆਂ ਵਿਚ ਸੈਂਕੜੇ ਧਰਮ ਦੀ ਸ਼ਮਾਂ ਦੇ ਪ੍ਰਵਾਨੇ ਸਿੱਖ ਬੜੀ ਹੀ ਸ਼ਾਂਤੀ ਦੇ ਨਾਲ ਸ਼ਹੀਦ ਹੋ ਗਏ, ਜਿੰਨਾਂ ਵਿਚੋਂ ਇਕ ਇਕ ਦੇ ਕਾਰਨਾਮੇ ਧਰਮ ਵੱਲੋਂ ਬੇਪ੍ਰਵਾਹੀ ਦੀ ਜ਼ਿੰਦਗੀ ਬਤੀਤ ਕਰਨ ਵਾਲਿਆਂ ਦੇ ਸੁਚੇਤ ਕਰਨ ਲਈ ਜ਼ਬਰਦਸਤ ਤਾਕਤ ਸਾਬਤ ਹੋ ਸਕਦੇ ਹਨ, ਕਿੰਤੂ ਉਹਨਾਂ ਦੇ ਹਾਲਾਤ ਤੋਂ ਜਾਣੂ ਹੋਣਾ ਤੇ ਕਿਤੇ ਰਿਹਾ ਉਹਨਾਂ ਦੇ ਨਾਮ ਤੱਕ ਅਲੋਪ ਹੋ ਰਹੇ ਹਨ, ਤੇ ਕੋਈ ਯਤਨ ਇਨ੍ਹਾਂ ਧਰਮੀਆਂ ਦੇ ਚਰਿੱਤਰ ਲਿਖਣ ਦਾ ਨਹੀਂ ਹੋ ਰਿਹਾ। ਹਜ਼ਾਰਾਂ ਸੂਰਬੀਰ ਕੌਮ ਦੀ ਆਨ ਤੋਂ ਮਰ ਮਿਟੇ, ਜਿਨ੍ਹਾਂ ਦੀਆਂ ਕਰਨੀਆਂ ਮੁਰਦਾ ਦਿਲਾਂ ਵਿਚ ਨਵੇਂ ਜੀਵਨ ਦਾ ਸੰਚਾਰ ਕਰ ਸਕਦੀਆਂ ਹਨ, ਕਿੰਤੂ ਇਹਨਾਂ ਦੇ ਸੀਨੇ ਬਸੀਨੇ ਚਲੇ ਆ ਰਹੇ ਸਾਕੇ ਅੰਧੇਰੇ ਦੀ ਚੱਦਰ ਹੇਠ ਲੁਕ ਰਹੇ ਹਨ, ਕਿਸੇ ਪਾਸਿਓਂ ਉਹਨਾਂ ਦੇ ਜੀਵਤ ਰੱਖਣ ਦੀ ਕੋਸ਼ਸ਼ ਨਹੀਂ ਹੋ ਰਹੀ।

ਲੱਖਾਂ ਪਰਉਪਕਾਰੀ ਧਰਮੀ ਯੋਧੇ ਦੂਜਿਆਂ ਦੀ ਇੱਜ਼ਤ, ਜਾਨ, ਮਾਲ ਦੀ ਰੱਖਜਾ ਲਈ ਆਪਣੇ ਧਨ ਨੂੰ ਤਾਂ ਇਕ ਪਾਸੇ ਰਿਹਾ, ਸਰੀਰ ਤੱਕ ਦੀ ਪਾਪ ਰਾਜ ਦੇ ਹਵਨ ਕੁੰਡ ਵਿਚ ਅਹੁਤੀ ਦੇ ਗਏ, ਜਿੰਨਾਂ ਦੇ ਨਿਸ਼ਕਾਮ ਜੀਵਨ ਦੁਨੀਆ ਨੂੰ ਪਲਟਾ ਸਕਦੇ ਹਨ, ਕਿੰਤੂ ਉਹਨਾਂ ਦੇ ਸਮਚਾਰ ਤੋਂ ਖ਼ੁਦ ਸਿੱਖ ਅਗਜਾਤ ਹੋ ਰਹੇ ਹਨ।

> ਹਰ ਜੀਉਣਾਂ ਲੋਚਣ ਵਾਲੀ ਕੌਮ ਤੇ ਹਰ ਸੱਭਯ ਜਾਤੀ ਆਪਣੇ ਇਤਿਹਾਸ ਨਾਲ ਜੀਅ ਤੇ ਜਾਨ ਵਾਂਗ ਵਧਕੇ ਪਿਆਰ ਕਰਦੀ ਤੇ ਇਸਨੂੰ ਹਰ ਆਫਤ ਤੋਂ ਬਚਾਂਦੀ ਹੈ, ਕਿਉਂਕਿ ਇਸਦੀ ਕਾਇਮੀ ਅਸਲ ਵਿਚ ਉਸਦੀ ਕਾਇਮੀ ਤੇ ਇਸਦਾ ਬਚਾਉ ਠੀਕ ਉਸਦਾ ਆਪਣਾ ਬਚਾਉ ਹੈ।

ਅਨੇਕਾਂ ਪ੍ਰਾਕਰਮੀ, ਦੇਸ਼ ਤੇ ਕੌਮ ਦੀ ਲਾਜ ਪਿਛੇ ਬਿਨਾਂ ਕਿਸੇ ਤਰ੍ਹਾਂ ਦੀ ਚੂੰ ਚਾਂ ਕੀਤੇ ਆਪਾ ਕੁਰਬਾਨ ਕਰ ਗਏ, ਜਿਨ੍ਹਾਂ ਦੇ ਨਾਮ ਸੰਸਾਰ ਦੇ ਇਤਿਹਾਸ ਵਿਚ ਸੂਰਜਵਤ ਚਕਮਦੇ ਹੋਏ ਸਿੱਖਾਂ ਦੀ ਕੀਰਤੀ ਨੂੰ ਦੂਜੀਆਂ ਕੌਮਾਂ ਤੇ ਜਾਤੀਆਂ ਦੇ ਦਿਲਾਂ ਵਿਚ ਬੈਠਣ ਲਈ ਅਦੁੱਤੀ ਸਾਬਿਤ ਹੋ ਸਕਦੇ ਹਨ, ਕਿੰਤੂ ਇਹਨਾਂ ਦੀ ਜ਼ਿੰਦਗੀ ਦੇ ਵਾਕਿਆਤ ਇਕੱਠੇ ਕਰਨ ਦਾ ਕਿਤੇ ਕੋਈ ਉਪਰਾਲਾ ਹੋਂਦਾ ਨਹੀਂ ਦੀਹਦਾ।

ਹੋਰ ਤਾਂ ਗੱਲਾਂ ਕਿਤੇ ਰਹੀਆਂ ਦਸਾਂ ਪਾਤਸ਼ਾਹੀਆਂ, ਦਸਾਂ ਦੀ ਗੱਲ ਵੀ ਜਾਣ ਦਿਓ ਪਹਿਲੀ ਪਾਤਸ਼ਾਹੀ ਜੀ ਦੇ ਜੀਵਨ ਹਾਲਾਤ ਦੀ ਅਜੇ ਤੱਕ ਕੋਈ ਖੋਜ ਨਹੀਂ ਹੋ ਰਹੀ। ਆਪ ਦੇ ਲੰਕਾ ਦੀਪ, ਸੰਗਲਾ ਦੀਪ ਤੇ ਹੋਰ ਦੂਜ ਦਰਾਜ ਜਗ੍ਹਾ ਜੈਸੇ ਮੱਕਾ, ਬਗ਼ਦਾਦ, ਤਿੱਬਤ ਆਦਿਕ ਦੇ ਸਫ਼ਰਾਂ ਵਿਚ ਕੀਤੇ ਕੰਮ ਦਾ ਕੋਈ ਪਤਾ ਨਹੀਂ।

ਇਤਿਹਾਸ ਵੱਲੋਂ ਇਸ ਤਰ੍ਹਾਂ ਦੇ ਬੇਪ੍ਰਵਾਹ ਹੋਣ ਦਾ ਹੀ ਇਹ ਸਿੱਟਾ ਹੈ ਕਿ ਸਿੱਖਾਂ ਜਿੰਨੀ ਉਮਰ ਦੇ ਹੋਂਦ ਵਿਚ ਆਏ ਈਸਾਈ ਗਿਣਤੀ ਵਿਚ ਸਿੱਖਾਂ ਨਾਲੋਂ ਕਈ ਗੁਣਾਂ ਵਧਦੇ ਜਾ ਰਹੇ ਹਨ ਕਿੰਤੂ ਸਿੱਖਾਂ ਨੂੰ ਸਿੱਖੀ ਦੇ ਪ੍ਰਚਾਰ ਵਿਚ ਉਹ ਕਾਮਯਾਬੀ ਨਹੀਂ ਹੋਈ ਜੋ ਹੋਣੀ ਚਾਹੀਦੀ ਸੀ, ਜਾਂ ਜੋ ਹੋ ਸਕਦੀ ਸੀ।

ਕੀ ਖਾਲਸਾ ਜੀ ਇਤਿਹਾਸ ਨੂੰ ਇਕ ਬੇਲੋੜੀ ਸ਼ੈ ਸਮਝ ਇਧਰ ਧਿਆਨ ਨਹੀਂ ਦੇਂਦੇ? ਕੀ ਇਸ ਅਤਿ ਜ਼ਰੂਰੀ ਪਾਸੇ ਵੱਲੋਂ ਬੇਫ਼ਿਕਰ ਹੋ ਕੇ ਖਾਲਸਾ ਆਪਦੀ ਹਾਲਤ ਨੂੰ ਤਸੱਲੀ ਜਨਕ ਸਮਝ ਸਕਦਾ ਹੈ? ਕੀ ਸਿੱਖ ਸਮਝਦੇ ਹਨ ਕਿ ਇਤਿਹਾਸ ਦੀ ਅਣਹੋਂਦ ਦੀ ਹਾਲਤ ਵਿਚ ਵੀ ਉਹ ਆਪਣੇ ਫ਼ਰਜ਼ਾਂ ਨੂੰ ਪੂਰਾ ਕਰ ਸਕਦੇ ਹਨ? ਜੇ ਨਹੀਂ ਤਦ ਇਸ ਪਾਸੇ ਬਹੁਤ ਛੇਤੀ ਧਿਆਨ ਦੇਣਾ ਚਾਹੀਦਾ ਹੈ ਤੇ ਜਿਨ੍ਹਾਂ ਜਿਨ੍ਹਾਂ ਇਲਾਕਿਆਂ ਵਿਚ ਸ੍ਰੀ ਗੁਰੂ ਨਾਨਕ ਜੀ ਗਏ, ਉਹਨਾਂ ਤੋਂ ਪਿਛਲੀਆਂ ਪਾਤਸ਼ਾਹੀਆਂ ਨੇ ਜਿਨ੍ਹਾਂ ਅਸਥਾਨਾਂ ਨੂੰ ਪਵਿਤ੍ਰ ਕੀਤਾ ਤੇ ਹੋਰ ਕਰਨੀ ਵਾਲੇ ਸਿੱਖਾਂ, ਨਾਮ ਦੇ ਰਸੀਆਂ ਸਿੰਘਾਂ ਤੇ ਆਪਾ ਵਾਰਨ ਵਾਲਿਆਂ ਦੇ ਸਮਾਚਾਰ ਅੰਕਤ ਕਰਨ ਦਾ ਬਾਨ੍ਹਣੂੰ ਬੰਨ੍ਹਣ ਦਾ ਯਤਨ ਕਰਨਾ ਚਾਹੀਦਾ ਹੈ। ਇਕ ਬਾਕਾਇਦਾ ਖੋਜਕ ਕਮੇਟੀ ਦੀ ਲੋੜ ਹੈ, ਜਿਸ ਵਿਚ ਮੁਹਕਕ ਤਬੀਅਤ ਦੇ ਗੈਜੁਏਟ ਸਿੱਖ ਲੱਭੀਏ ਜੋ ਤ੍ਰੀਕੇ ਸਿਰ ਕੰਮ ਕਰਨ ਤੇ ਉਹਨਾਂ ਦੇ ਰੁਜ਼ਗਾਰ ਦਾ ਪ੍ਰਬੰਧ ਹੋਵੇ।

– **ਖਾਲਸਾ ਸਮਾਚਾਰ**, 9 ਜੂਨ 1921 'ਚੋ

❖ ❖ ❖ ❖

# ਗੁਰੂ ਤੇਗ ਬਹਾਦਰ ਸਾਹਿਬ

## ਸਮਾਣਾ ਅਤੇ ਇਸਦੇ ਨਾਲ ਲਗਦੇ ਪਵਿੱਤਰ ਯਾਤਰਾ ਅਸਥਾਨ

❖ ਸਤਿੰਦਰ ਕੌਰ*

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥

ਪੰਜਾਬ ਦੀ ਮਿੱਟੀ ਦੇ ਕਣ-ਕਣ ਵਿਚ ਗੁਰੂ ਸਾਹਿਬਾਨਾਂ ਦੀ ਚਰਨ-ਧੂੜ ਮਿਲੀ ਹੋਈ ਹੈ। ਸਿਰਫ਼ ਅਜੋਕਾ ਪੰਜਾਬ ਹੀ ਨਹੀਂ, 1947 ਤੋਂ ਪਹਿਲਾਂ ਦੇ ਅਣਵੰਡੇ ਪੰਜਾਬ ਵਿਚ ਵੀ ਸ਼ਾਇਦ ਹੀ ਕੋਈ ਅਜਿਹਾ ਸਥਾਨ ਹੋਵੇ ਜਿਸ ਨੂੰ ਗੁਰੂ ਸਾਹਿਬਾਨਾਂ ਦੀ ਚਰਨ-ਛੋਹ ਨਾ ਪ੍ਰਾਪਤ ਹੋਈ ਹੋਵੇ। ਸਾਡੇ ਸਮਾਜ ਵਿਚ ਇਹ ਧਾਰਨਾ ਆਮ ਪ੍ਰਚਲਿੱਤ ਹੈ ਕਿ ਪੈਗੰਬਰੀ ਰੂਹਾਂ ਜਿਸ ਅਸਥਾਨ ਤੇ ਵੀ ਜਾਂਦੀਆਂ ਹਨ ਉਹ ਸਥਾਨ ਪਵਿੱਤਰ ਅਤੇ ਮੁਕੱਦਸ ਹੋ ਜਾਂਦਾ ਹੈ। ਇਸ ਕਰਕੇ ਪੰਜਾਬ ਦੀ ਧਰਤੀ ਨੂੰ ਪਾਵਨ ਮੰਨਿਆ ਜਾਂਦਾ ਹੈ। ਪੁਰਾਣਿਆਂ ਸਮਿਆਂ ਤੋਂ ਹੀ ਇਹ ਪ੍ਰਤੱਖ ਹੈ ਕਿ ਪੈਗੰਬਰੀ ਰੂਹਾਂ ਲੋਕਾਂ ਦੀ ਭਲਾਈ ਅਤੇ ਸੱਚੇ ਧਰਮ ਨੂੰ ਦ੍ਰਿੜ੍ਹ ਕਰਵਾਉਣ ਲਈ ਵੱਖ-ਵੱਖ ਸਥਾਨਾਂ ਦਾ ਰਟਨ ਕਰਦੀਆਂ ਰਹੀਆਂ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਨਾ ਸਿਰਫ਼ ਪੰਜਾਬ ਦੇ ਵੱਡੇ ਖਿੱਤੇ ਸਗੋਂ ਭਾਰਤ ਅਤੇ ਦੂਰ-ਦੁਰੇਡੇ ਦੇ ਸਥਾਨਾਂ ਦੀ ਯਾਤਰਾ ਵੀ ਕੀਤੀ। ਗੁਰੂ ਨਾਨਕ ਸਾਹਿਬ ਉਪਰੰਤ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਦੂਰ-ਦੂਰ ਦਾ ਸਫ਼ਰ ਕੀਤਾ। ਨੌਵੇਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਗੁਰੂ ਨਾਨਕ ਪਾਤਸ਼ਾਹ ਤੋਂ ਉਪਰੰਤ ਸਭ ਤੋਂ ਵੱਧ ਯਾਤਰਾਵਾਂ ਕੀਤੀਆਂ। ਆਪ ਨੇ ਪੰਜਾਬ ਤੋਂ ਲੈ ਕੇ ਬੰਗਾਲ ਤੇ ਆਸਾਮ ਤਕ ਤਕਰੀਬਨ ਸਾਰੇ ਉੱਤਰੀ ਭਾਰਤ ਦੀ ਯਾਤਰਾ ਕੀਤੀ। ਗੁਰੂ ਨਾਨਕ ਦੇਵ ਜੀ ਪਿੱਛੋਂ ਕਿਸੇ ਵੀ ਹੋਰ ਸਿੱਖ ਗੁਰੂ ਨੇ ਇੰਨੇ ਅਧਿਕ ਪ੍ਰਦੇਸਾਂ ਦੀ ਯਾਤਰਾ ਨਹੀਂ ਕੀਤੀ ਜਿੰਨੀ ਕਿ ਗੁਰੂ ਤੇਗ ਬਹਾਦਰ ਜੀ ਨੇ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਨੇ ਜਿੰਨਾ ਧਿਆਨ ਮਾਲਵਾ ਅਤੇ ਬਾਂਗਰ ਇਲਾਕੇ ਵੱਲ ਦਿੱਤਾ ਉੱਨਾਂ ਸ਼ਾਇਦ ਹੀ ਕਿਸੇ ਹੋਰ ਪ੍ਰਦੇਸ ਵੱਲ ਦਿੱਤਾ। ਇਨ੍ਹਾਂ ਵੱਖ-ਵੱਖ ਅਸਥਾਨਾਂ ਤੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਦੀ ਭਲਾਈ ਲਈ ਅਨੇਕਾਂ ਕਾਰਜ ਕੀਤੇ। ਇਸ ਖੋਜ ਪੇਪਰ ਵਿਚ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਮਾਲਵਾ ਦੇ ਸਮਾਣਾ ਅਤੇ ਇਸਦੇ ਲਾਗਲੇ ਖੇਤਰ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਗਏ ਉਨ੍ਹਾਂ ਦਾ ਸੰਖੇਪ ਵਰਣਨ ਹੈ। ਅੱਜ ਉਨ੍ਹਾਂ ਸਥਾਨਾਂ ਤੇ ਸੁੰਦਰ ਗੁਰਦੁਆਰਾ ਸਾਹਿਬ ਸ਼ੋਭਨੀਕ ਹਨ। ਇਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ।

**ਸਮਾਣਾ**- ਸਮਾਣਾ ਬਹੁਤ ਪੁਰਾਣਾ ਸ਼ਹਿਰ ਹੈ। ਕਹਿੰਦੇ ਹਨ ਕਿ ਮੁਸਲਮਾਨਾਂ ਦੇ ਆਉਣ ਤੋਂ ਵੀ ਪਹਿਲਾਂ ਇਹ ਸ਼ਹਿਰ ਆਬਾਦ ਸੀ। ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਇਸ ਦਾ ਨਾਮ ਨਿਰੰਜਨ ਖੇੜਾ ਸੀ ਅਤੇ ਫਿਰ ਇਸ ਦਾ ਨਾਂ ਬਦਲ



ਗੁਰਦੁਆਰਾ ਥੜ੍ਹਾ ਸਾਹਿਬ, ਸਮਾਣਾ (ਜ਼ਿਲ੍ਹਾ ਪਟਿਆਲਾ)

ਕੇ ਨਰੈਣਗੜ੍ਹ ਪੈ ਗਿਆ। ਡਾ. ਗੰਡਾ ਸਿੰਘ ਦੇ ਖ਼ਿਆਲ ਵਿਚ, "ਪਰੰਪਰਾ ਤੋਂ ਚਲੀ ਆ ਰਹੀ ਕਥਾ ਅਨੁਸਾਰ ਇਥੇ ਇਮਾਮਗੜ੍ਹ ਦੇ ਅਸਥਾਨ ਤੇ ਪੁਰਾਣੀ ਆਬਾਦੀ ਹੁੰਦੀ ਸੀ। ਜਦ ਇਰਾਨ ਦੇ ਸਮਾਨਵੀ ਘਰਾਣੇ ਦੇ ਕੁਝ ਲੋਕ ਉਥੋਂ ਉਠ ਕੇ ਇਥੇ ਆਬਾਦ ਹੋਏ ਤਾਂ ਇਸ ਦਾ ਨਾਂ ਸਮਾਣਾ ਹੋ ਗਿਆ"। ਇਸ ਦਾ ਇਤਿਹਾਸ ਰਾਜਾ ਜੈਪਾਲ ਦੇ ਸਮੇਂ ਤੋਂ ਸਾਡੇ ਸਾਹਮਣੇ ਪਰਤੱਖ ਹੈ। ਇਸ ਅਸਥਾਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਪੂਰਬ ਦੀ ਉਦਾਸੀ ਸਮੇਂ ਆਏ ਸਨ। ਪਰ ਇਥੇ ਇਸਲਾਮ ਦਾ ਬੋਲਬਾਲਾ ਹੋਣ ਕਰਕੇ ਉਨ੍ਹਾਂ ਦੀ ਯਾਦ ਵਿਚ ਕੋਈ ਗੁਰਧਾਮ ਮੌਜੂਦ ਨਹੀਂ ਹੈ। ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਸੀਸ ਉਪਰ ਤੱਤਾ ਰੇਤਾ ਪਾਉਣ ਵਾਲਾ ਨੂਰਉੱਦੀਨ, ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਲਉੱਦੀਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਉਣ ਵਾਲੇ ਜੱਲਾਦ ਵੀ ਸਮਾਣੇ ਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਸਮਾਣੇ ਵਿਖੇ ਸੈਫ਼ਾਬਾਦ ਤੋਂ ਮੋਤੀਬਾਗ ਵਾਲੇ ਗੁਰਦੁਆਰੇ, ਸ਼ੇਰ ਮਾਜਰੇ, ਲਲੋਛੀ ਆਦਿ ਪਿੰਡਾਂ ਦੇ ਰਾਹ ਵਿਚੋਂ ਹੁੰਦੇ ਹੋਏ ਸਮਾਣੇ ਥੜਾ ਸਾਹਿਬ ਵਾਲੀ ਥਾਂ ਤੇ ਪੁਜੇ ਸਨ। ਰਵਾਇਤ ਹੈ ਕਿ ਥੜ੍ਹਾ ਸਾਹਿਬ ਵਾਲੀ ਥਾਂ ਤੇ ਗੁਰੂ ਜੀ ਨੇ ਗੋਰਖ ਨਾਥੀ ਜੋਗੀਆਂ ਕੋਲੋਂ ਪਾਣੀ ਪੀਤਾ ਸੀ। ਬੰਦਾ ਬਹਾਦਰ ਨੇ ਜਦੋਂ ਸਮਾਣੇ ਤੇ ਹੱਲਾ ਬੋਲਿਆ ਤਾਂ ਉਸ ਵੇਲੇ ਕਿਸੇ ਖੂਹ ਦਾ ਪਾਣੀ ਪੀਣ ਵਾਲਾ ਨਹੀਂ ਸੀ। ਇਸ ਲਈ ਬੰਦਾ ਬਹਾਦਰ ਨੇ ਕਚੀ ਕਹਾਰ ਪੁਟਵਾ ਕੇ ਸਿੰਘਾਂ ਲਈ ਸਾਫ਼ ਪਾਣੀ ਦਾ ਇੰਤਜ਼ਾਮ ਕੀਤਾ ਸੀ। ਇਸ ਖੂਹੀ ਨੂੰ 'ਗੁਰੂ ਕੀ ਖੂਹੀ' ਕਹਿੰਦੇ ਹਨ।



ਗੁਰਦੁਆਰਾ ਸ੍ਰੀ ਗੜ੍ਹੀ ਨਜ਼ੀਰ, ਸਮਾਣਾ



ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਨੌਂਵੀ, ਟਲ ਘਨੌੜ ਜੱਟਾਂ

**ਗੜੀ ਨਜ਼ੀਰ**- ਗੜੀ ਨਜ਼ੀਰ ਪੁਰਾਣੇ ਸਮਿਆਂ ਵਿਚ ਸਮਾਣੇ ਦਾ ਹੀ ਇਕ ਭਾਗ ਸਮਝਿਆ ਜਾਂਦਾ ਸੀ। ਇਹ ਸਮਾਣੇ ਤੋਂ 4 ਕਿਲੋਮੀਟਰ ਦੂਰ ਹੈ। ਇਸ ਦੇ ਪੱਛਮ ਵਲ ਪੱਕੀ ਨਹਿਰ ਲੰਘਦੀ ਹੈ। ਪਹਿਲਾਂ ਇਹ ਗੜ੍ਹੀ ਕੈਥਲ ਰਿਆਸਤ ਵਿਚ ਸ਼ਾਮਲ ਸੀ ਪਰ ਅੰਗਰੇਜ਼ਾਂ ਦੇ ਸਮੇਂ ਇਹ ਪਟਿਆਲਾ ਰਿਆਸਤ ਵਿਚ ਸ਼ਾਮਲ ਹੋ ਗਈ। ਫਿਰ ਜਦੋਂ 1966 ਵਿਚ ਪੰਜਾਬ ਦਾ ਪੁਨਰਗਠਨ ਹੋਇਆ ਤਾਂ ਇਹ ਗੜ੍ਹੀ ਹਰਿਆਣੇ ਦਾ ਹਿੱਸਾ ਬਣ ਗਈ। ਰਵਾਇਤ ਅਨੁਸਾਰ ਇਸ ਗੜ੍ਹੀ ਦਾ ਮਾਲਕ ਨਜ਼ੀਰ ਖਾਂ ਪੀਰ ਬੁੱਧੂ ਸ਼ਾਹ ਦਾ ਰਿਸ਼ਤੇਦਾਰ ਸੀ ਅਤੇ ਗੁਰੂ ਘਰ ਦਾ ਅਨਿੰਨ ਭਗਤ ਸੀ। ਜਦੋਂ ਗੁਰੂ ਸਾਹਿਬ ਸਮਾਣੇ ਆਏ ਤਾਂ ਨਜ਼ੀਰ ਖਾਂ ਉਨ੍ਹਾਂ ਨੂੰ ਆਪ ਲੈਣ ਗਿਆ ਅਤੇ ਆਪਣੇ ਕੋਲ ਡੇਰਾ ਕਰਵਾਇਆ। ਪੰਜਾਬ ਦੀ ਵੰਡ ਵੇਲੇ ਨਜ਼ੀਰ ਖਾਂ ਦੇ ਖਾਨਦਾਨ ਦੇ ਵਾਰਿਸ ਗੁਰੂ ਤੇਗ ਬਹਾਦਰ ਸਾਹਿਬ ਦਾ ਕੇਸਾਂ ਵਾਲਾ ਕੰਘਾ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਸੌਂਪ ਗਏ। ਬਜ਼ੁਰਗਾਂ ਦਾ ਕਹਿਣਾ ਹੈ ਕਿ ਗੁਰੂ ਸਾਹਿਬ 1 ਮਹੀਨਾ, 9 ਦਿਨ, 9 ਘੜੀਆਂ ਇਥੇ ਰਹੇ ਸਨ। ਇਥੋਂ ਗੁਰੂ ਸਾਹਿਬ ਕਰਹਾਲੀ, ਚੀਕਾ ਆਦਿ ਪਿੰਡਾਂ ਨੂੰ ਚਲੇ ਗਏ ਸਨ। ਗਿਆਨੀ ਗਿਆਨ ਸਿੰਘ ਲਿਖਦੇ ਹਨ, ਕਿ ਗੁਰੂ ਸਾਹਿਬ ਕਸਬੇ ਸਮਾਣੇ ਤੋਂ ਦੱਖਣ ਵੱਲ ਜਾ ਉਤਰੇ। ਸਿੱਖਾਂ ਨੇ ਸੇਵਾ ਕੀਤੀ। ਉਥੋਂ ਦਾ ਉਮਰਾ ਮੁਹੰਮਦ ਬਖ਼ਸ਼ ਮੜਲ ਰਾਜਪੂਤ ਸੈਫ਼ ਅਲੀ ਖਾਂ ਦੇ ਮਕਾਨ ਪੁਰ ਕਈ ਦਿਨ ਰਹਿਕੇ ਗੁਰੂ ਸਾਹਿਬ ਜੀ ਦੀ ਸੰਗਤ ਕਰ ਆਇਆ ਸੀ। ਭਾਈ ਕਾਨ੍ਹ ਸਿੰਘ ਨੇ ਵੀ ਲਿਖਿਆ ਹੈ, ਗੜ੍ਹੀ ਨਜੀਰ ਜਿਸ ਨੂੰ ਭੀਖਨ ਖਾਂ ਪਠਾਣ ਨੇ ਆਬਾਦ ਕੀਤਾ ਸੀ, ਇਸ ਗੜ੍ਹੀ ਤੋਂ ਦੱਖਣ ਦਿਸ਼ਾ ਪਾਸ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਭੀਖਨ ਖਾਂ ਨੇ ਗੁਰਾਂ ਨੂੰ ਪ੍ਰੇਮ ਨਾਲ ਠਹਿਰਾਕੇ ਯੋਗ ਸੇਵਾ ਕੀਤੀ ।

**ਕਰਹਾਲੀ**- ਬਾਦਸ਼ਾਹ ਜਹਾਂਗੀਰ ਦੇ ਸਮੇਂ ਇਹ ਜਾਗੀਰਦਾਰੀ ਪਿੰਡ ਸੀ। ਫਿਰ ਇਹ ਪਿੰਡ ਪਟਿਆਲਾ ਰਿਆਸਤ ਵਿਚ ਸ਼ਾਮਲ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਸਮਾਣੇ ਤੋਂ ਚਲ ਕੇ ਕਰਹਾਲੀ ਆਏ ਤਾਂ ਉਨ੍ਹਾਂ ਨੇ ਬਰੋਟੇ ਨਜ਼ਦੀਕ ਛਪੜੀ ਦੇ ਕਿਨਾਰੇ ਡੇਰਾ ਕੀਤਾ ਸੀ। ਉਨ੍ਹਾਂ ਨੇ ਮੰਜੀ ਸਾਹਿਬ ਵਾਲੀ ਥਾਂ ਤੇ ਇਕ ਰਾਤ ਕੱਟੀ। ਇਸ ਪਿੰਡ ਵਿਚ ਨਾਥਾਂ ਤੇ ਸਾਧੂਆਂ ਦਾ ਜ਼ੋਰ ਸੀ। ਉਨ੍ਹਾਂ ਦੇ ਪ੍ਰਭਾਵ ਕਰਕੇ ਕੋਈ ਨਗਰ ਵਾਸੀ ਗੁਰੂ ਜੀ ਦੇ ਕੋਲ ਨਾ ਗਿਆ। ਇਥੋਂ ਗੁਰੂ ਸਾਹਿਬ ਅਗਲੇ ਦਿਨ ਚੀਕੇ ਚਲੇ ਗਏ। ਇਸ ਅਸਥਾਨ ਦੇ ਪੱਛਮ ਵਿਚ ਬਰੋਟੇ ਨਜ਼ਦੀਕ ਪੱਕਾ ਸਰੋਵਰ ਬਣਿਆ ਹੋਇਆ ਹੈ ਅਤੇ ਪੁਰਾਣੀ ਮੰਜੀ ਸਾਹਿਬ ਦੀ ਸੇਵਾ ਮਹਾਰਾਜਾ ਕਰਮ ਸਿੰਘ ਵਲੋਂ ਹੋਈ ਹੈ । ਇਥੇ ਪਹਿਲਾਂ ਛੇਵੇਂ ਗੁਰੂ ਸਾਹਿਬ ਵੀ ਆਏ ਸਨ।

**ਟਲ ਘਨੌੜ ਜੱਟਾਂ**- ਇਹ ਬਹੁਤ ਪੁਰਾਣਾ ਪਿੰਡ ਹੈ। ਇਸ ਨੂੰ ਘਨੋੜ ਜੱਟਾਂ ਇਸ ਲਈ ਕਹਿੰਦੇ ਹਨ ਕਿਉਂਕਿ ਸਮਾਣਾ ਨੇੜੇ ਵੱਸਦੇ ਰਾਜਪੂਤ ਇਨ੍ਹਾਂ ਦਾ ਮਾਲ ਲੁੱਟ ਕੇ ਲੈ ਜਾਂਦੇ ਸਨ, ਇਸ ਲਈ ਇਸ ਪਿੰਡ ਦੇ ਇਕ ਬਰੋਟੇ ਉਤੇ ਟਲ ਲੱਗਿਆ ਹੁੰਦਾ ਸੀ। ਜਦੋਂ ਰਾਜਪੂਤ ਰੰਘੜ ਧਾੜਵੀ ਮਾਲ ਲੁੱਟਣ ਆਉਂਦੇ ਤਾਂ ਇਸ ਟਲ ਨੂੰ ਵਜਾ ਦਿੰਦੇ ਸਨ। ਇਸ ਲਈ ਇਸ ਦਾ ਨਾਂ ਟਲ ਘਨੌੜ ਜਟਾਂ ਪੈ ਗਿਆ। ਇਹ ਭਵਾਨੀਗੜ੍ਹ ਤੋਂ ਉੱਤਰ-ਪੂਰਬ ਵਲ 7 ਮੀਲ, ਸਮਾਣੇ ਤੋਂ 12 ਮੀਲ ਅਤੇ ਸੁਨਾਮ ਤੋਂ 16 ਮੀਲ ਹੈ। ਇਹ ਗੁਰਦੁਆਰਾ ਆਬਾਦ ਹੋਣ ਤੋਂ ਪਹਿਲਾਂ ਇਸ ਨੂੰ ਕੈਦੂ ਦੀ ਝਾੜ ਕਿਹਾ ਕਰਦੇ ਸਨ। ਉਸ ਦਰੱਖਤ (ਕੈਦੂ) ਨੂੰ ਫੁੱਲ ਆਉਂਦੇ ਹਨ ਪਰ ਫਲ ਨਹੀਂ ਲਗਦਾ ਤੇ ਬਾਕੀ ਇਲਾਕੇ ਵਿਚ ਕੈਦੂ ਦਰੱਖਤ ਨੂੰ ਫੁੱਲ ਤੇ ਫਲ ਲਗਦੇ ਹਨ। ਇਹ ਪੁਰਾਣਾ ਰੁੱਖ ਅੱਜ ਵੀ ਗੁਰਦੁਆਰਾ ਸਾਹਿਬ ਵਿਚ ਮੌਜੂਦ ਹੈ। ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ 'ਚ ਸਥਾਪਤ ਗੁਰਦੁਆਰਾ ਦੱਸਿਆ ਜਾਂਦਾ ਹੈ। ਮੰਜੀ ਸਾਹਿਬ ਵਾਲੀ ਥਾਂ ਤੇ ਪਾਤਸ਼ਾਹੀ ਪਹਿਲੀ, ਛੇਵੀਂ ਤੇ ਨੌਂਵੀ ਆ ਕੇ ਬੈਠੇ ਸਨ। ਭਾਈ ਕਾਨ ਸਿੰਘ ਨਾਭਾ ਅਨੁਸਾਰ, ਇਸ ਪਿੰਡ ਤੋਂ ਵਾਯਵੀ ਕੋਣ ਪਾਸ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ।

**ਕਮਾਲਪੁਰ**- ਇਹ ਸਮਾਣਾ-ਸੂਲਰ ਘਰਾਟਾਂ ਸੜਕ ਉਤੇ ਹੈ। ਇਥੋਂ ਘਨੌੜ ਜਟਾਂ ਉਤਰ ਵਲ 5 ਮੀਲ ਹੈ । ਇਸ ਥਾਂ ਤੇ ਦੋ ਪਾਤਸ਼ਾਹੀਆਂ ਦੇ ਆਉਣ ਦਾ ਜ਼ਿਕਰ ਮਿਲਦਾ ਹੈ । ਗੁਰੂ ਨਾਨਕ ਦੇਵ ਜੀ ਜਦੋਂ ਟਲ ਘਨੌੜ ਜੱਟਾਂ ਆਏ ਸਨ, ਉਹ ਕਮਾਲਪੁਰ ਤੋਂ 2 ਫਰਲਾਂਗ ਉਤਰ ਵੱਲ ਇਕ ਟਿੱਬੀ ਤੇ ਠਹਿਰੇ। ਗੁਰੂ ਤੇਗ ਬਹਾਦਰ ਜੀ ਵੀ ਇਸ ਟਿੱਬੀ ਤੇ ਵਿਰਾਜੇ ਸਨ। ਕਈ



ਗੁਰਦੁਆਰਾ ਸ੍ਰੀ ਪਾਤਸ਼ਾਹੀ ਪਹਿਲੀ, ਛੇਵੀਂ ਤੇ ਨੌਂਵੀ, ਕਮਾਲਪੁਰ (ਜ਼ਿਲ੍ਹਾ ਪਟਿਆਲਾ)

ਦਿਨ ਸੰਗਤਾਂ ਨੂੰ ਉਪਦੇਸ਼ ਦੇ ਕੇ ਫਿਰ ਉਹ ਕਰਹਾਲੀ ਚਲੇ ਗਏ ਸਨ। ਇਥੇ ਇਕ ਮੰਜੀ ਸਾਹਿਬ ਛੋਟੀ ਸਰਹੰਦੀ ਇੱਟ ਦੀ ਬਣੀ ਹੋਈ ਹੈ। ਇਥੇ ਇਕ ਸਾਧੂ ਨੇ ਆ ਕੇ ਡੇਰਾ ਲਾ ਲਿਆ ਜਿਸ ਕਰਕੇ ਇਹ ਅਸਥਾਨ ਇਕ ਸਾਧਾਂ ਦੇ ਡੇਰੇ ਦਾ ਰੂਪ ਧਾਰਨ ਕਰ ਗਿਆ। ਮੁੜਕੇ ਸਾਧ ਪਿੰਡ ਵਿਚੋਂ ਚਲੇ ਗਏ ਤੇ ਗੁਰਦੁਆਰਾ ਢਹਿ ਢੇਰੀ ਹੋ ਗਿਆ। ਪਰੰਤੂ ਲੋਕਾਂ ਦੇ ਮਨਾਂ ਵਿਚ ਗੁਰੂ ਸਾਹਿਬ ਦੇ ਆਉਣ ਦੀ ਯਾਦ ਕਾਇਮ ਰਹੀ। ਫਿਰ ਪਿੰਡ ਦੇ ਲੋਕਾਂ ਦੀ ਬੇਨਤੀ ਤੇ ਸੰਤ ਅਤਰ ਸਿੰਘ ਜੀ ਨੇ ਇਸ ਇਤਿਹਾਸਕ ਗੁਰਧਾਮ ਦੀ ਸੇਵਾ ਆਰੰਭ ਕਰਵਾਈ।

**ਨਨਹੇੜਾ–** ਨਨਹੇੜਾ ਪਿੰਡ ਸ਼ੁਤਰਾਨਾ-ਸਮਾਨਾ ਸੜਕ ਉਤੇ ਹੈ। ਇਥੋਂ ਸਮਾਣਾ 11 ਮੀਲ, ਦੋਦੜਾ 10 ਮੀਲ ਪੱਛਮ ਵਲ ਹੈ ਤੇ ਪਾਤੜਾਂ 12 ਮੀਲ ਦੱਖਣ ਵਲ ਹੈ। ਮੌਖਿਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਨਨਹੇੜੇ ਆਪਣੇ ਇਕ ਮਸੰਦ ਕੋਲ ਆਏ ਸਨ । ਗੁਰੂ ਜੀ ਨੇ ਮਸੰਦ ਦੀ ਲੜਕੀ ਤੋਂ ਉਸ ਬਾਰੇ ਪੁਛਿਆ ਤਾਂ ਮਸੰਦ ਨੇ ਆਸ ਪਾਸ ਦੇ ਰੰਘੜਾਂ ਤੋਂ ਡਰਦੇ ਮਾਰੇ ਆਪਣੀ ਲੜਕੀ ਨੂੰ ਪਹਿਲਾਂ ਹੀ ਕਹਿ ਰਖਿਆ ਸੀ ਕਿ ਜੇ ਗੁਰੂ ਜੀ ਪੁੱਛਣ ਤਾਂ ਕਹਿ ਦੇਣਾ ਕਿ ਉਹ ਵਾਂਡੇ ਗਿਆ ਹੈ। ਪਰ ਪਿੰਡ ਦੇ ਕਿਸੇ ਹੋਰ ਆਦਮੀ ਤੋਂ ਗੁਰੂ ਜੀ ਨੂੰ ਪਤਾ ਲੱਗਿਆ ਕਿ ਮਸੰਦ ਤਾਂ ਪਿੰਡ ਵਿਚ ਹੀ ਸੀ । ਕਹਿੰਦੇ ਹਨ ਕਿ ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, 'ਚੰਗਾ ਭਾਈ ਉਹ ਵਾਂਡੇ ਹੀ ਰਹੇਗਾ'। ਇਹ ਕਹਿਕੇ ਗੁਰੂ ਜੀ ਅਗੇ ਚਲ ਪਏ ਤੇ ਪੂਰਬ ਵਲ ਇਕ ਮੀਲ ਦੀ ਵਿਥ ਤੇ ਨਨਹੇੜੀ ਪਿੰਡ ਵਿਚ ਰਾਤ ਕੱਟੀ।

**ਦੋਦੜਾ–** ਪਿੰਡ ਦਾ ਪੂਰਾ ਨਾਂ ਭੇਡਪੁਰੀ ਦੋਦੜਾ ਹੈ । ਇਥੋਂ ਸਮਾਣਾ ਸਿੱਧਾ ਢਾਈ ਮੀਲ ਉੱਤਰ ਵਲ, ਗੜੀ ਨਜ਼ੀਰ 3 ਮੀਲ ਪੂਰਬ ਵਲ ਤੇ ਕਮਾਲਪੁਰ 5 ਮੀਲ ਪੱਛਮ ਵਲ ਹੈ। ਪਹਿਲਾਂ ਇਥੇ ਕੇਵਲ ਥੜਾ ਸਾਹਿਬ ਹੀ ਹੁੰਦਾ ਸੀ । ਰਵਾਇਤ ਅਨੁਸਾਰ ਗੁਰੂ ਤੇਗ ਬਹਦਾਰ ਸਾਹਿਬ ਇਕ ਪਿਪਲ ਹੇਠਾਂ ਆ ਕੇ ਬੈਠੇ ਸਨ। **ਮਹਾਨ ਕੋਸ਼** ਅਨੁਸਾਰ, ਇਸ ਤੋਂ ਉਤਰ ਵੱਲ ਪਾਸ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ । ਉਹ ਪਿੱਪਲ ਦਾ ਬਿਰਛ ਮੌਜੂਦ ਹੈ ਜਿਸ ਦੇ ਹੇਠਾਂ ਗੁਰੂ ਜੀ ਵਿਰਾਜੇ ਸਨ।

**ਦਿੜਬਾ–** ਇਹ ਪਿੰਡ ਗਾਗਾ ਦੇ 12 ਮੀਲ ਪੱਛਮ ਵੱਲ, ਸੁਨਾਮ 10 ਮੀਲ, ਨੈਰਿਤ ਕੋਣ ਵਿਚ, ਕਾਮਲਪੁਰ ਤੋਂ 4 ਮੀਲ ਉਤਰ ਵੱਲ, ਦੁਗਾਲ ਤੋਂ 5 ਮੀਲ ਪੂਰਬ ਵਲ ਹੈ। ਇਸ ਥਾਂ ਤੇ ਬਹੁਤ ਉੱਚੀਆਂ ਉਚੀਆਂ ਦੈੜਾਂ (ਟਿੱਬੇ) ਸਨ। ਪਿੰਡ ਦਾ ਨਾਂ ਦੈੜਾਂ ਤੋਂ ਵਿਗੜ ਕੇ ਦਿੜਬਾ ਹੋ ਗਿਆ ਹੈ। ਇਨ੍ਹਾਂ ਦੈੜਾਂ ਉਤੇ ਬਾਬਾ ਆਲਾ ਸਿੰਘ ਪਟਿਆਲੇ ਵਾਲੇ ਕਈ ਦਿਨ ਰਹਿੰਦੇ ਰਹੇ। ਉਥੇ ਦੈੜਾਂ ਉਤੇ ਉਨ੍ਹਾਂ ਦੇ ਚੁੱਲੇ ਬਣ ਹੋਏ ਸਨ ਅਤੇ ਲੰਗਰ ਚਲਦਾ ਸੀ। ਪਿੰਡ ਦੇ ਪੱਛਮ ਵਿਚ ਸੈਂਤਿਆਣਾ ਡ੍ਰਾਬ ਦੇ ਕਿਨਾਰੇ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਬਣਿਆ ਹੋਇਆ ਹੈ । ਸੈਂਤਿਆਣਾ ਡ੍ਰਾਬ ਦੇ ਨਾਂ ਤੇ ਪਿੰਡ ਦੀ ਸੰਗਤ ਨੇ ਇਸ ਦਾ ਨਾਂ ਗੁਰਦੁਆਰਾ ਸੈਂਤਿਆਣਾ ਪਾਤਸ਼ਾਹੀ ਨੌਵੀਂ ਰੱਖਿਆ ਹੈ। ਜਿਨ੍ਹਾਂ ਬਰੋਟਿਆਂ (ਬੋਹੜਾਂ) ਹੇਠ ਗੁਰੂ ਸਾਹਿਬ ਨੇ ਆ ਕੇ ਡੇਰਾ ਕੀਤਾ ਸੀ, ਉਹ ਹੁਣ ਮੌਜੂਦ ਨਹੀਂ ਹਨ। ਪਹਿਲਾਂ ਇਥੇ ਕੇਵਲ ਮੰਜੀ ਸਾਹਿਬ ਹੀ ਹੁੰਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਸ ਪਿੰਡ ਤੋਂ ਲਹਿੰਦੇ ਵਲ ਪਾਸ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ ਜੋ ਪੱਕਾ ਬਣਿਆ ਹੋਇਆ ਹੈ।

**ਕੋਟਲੀ–** ਇਹ ਪਿੰਡ ਸਮਾਣਾ ਤੋਂ 7 ਕਿ.ਮੀ. ਦੀ ਦੂਰੀ ਤੇ ਸਥਿਤ ਹੈ। ਇਥੇ ਨੌਵੇਂ ਪਾਤਸ਼ਾਹ ਨਾਲ ਸੰਬਧਿਤ ਗੁਰਦੁਆਰਾ ਜੰਡਸਰ ਸਾਹਿਬ ਪਿੰਡ ਦੀ ਵੱਸੋਂ ਤੋਂ ਡੇਢ ਕਿ.ਮੀ. ਬਾਹਰ ਹੈ। ਮੌਖਿਕ ਰਵਾਇਤ ਅਨੁਸਾਰ ਇਸ ਜੰਡ ਦੇ ਦਰੱਖਤ ਬਾਰੇ ਕਿਹਾ ਜਾਂਦਾ ਹੈ ਕਿ ਇਹ ਪਹਿਲਾਂ ਕਿੱਲਾ ਸੀ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆਂ ਤੇ ਉਹ ਕਿੱਲਾ ਹਰਾ ਹੋ ਗਿਆ। ਜੰਡ ਦੇ ਰੁੱਖ ਦੇ ਨੇੜੇ ਹੀ ਇਕ ਕਮਰਾ ਬਣਿਆ ਹੋਇਆ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਥੇ ਇਕ ਆਜੜੀ ਪਿਆਰ ਨਾਲ ਗੁਰੂ ਤੇਗ ਬਹਾਦਰ ਸਾਹਿਬ ਨੂੰ ਦੁੱਧ ਛਕਾਉਂਦਾ ਸੀ ਤੇ ਗੁਰੂ ਸਾਹਿਬ ਦੇ ਜਾਣ ਮਗਰੋਂ ਉਹ ਇਸ ਅਸਥਾਨ ਤੇ ਬੈਠ ਕੇ ਗੁਰੂ ਸਾਹਿਬ ਦੀ ਯਾਦ ਵਿਚ ਜੁੜਦਾ ਸੀ। ਗੁਰੂ ਸਾਹਿਬ ਦੇ ਸਮੇਂ ਦੀ ਖੂਹੀ ਅਤੇ ਜੰਡ ਦਾ ਰੁੱਖ ਅੱਜ ਵੀ ਮੌਜੂਦ ਹੈ।

---

* ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੰਪਰਕ : 9569628528

# ਮੇਰੀ ਖਿੜੀ ਰਹੇ ਗੁਲਜ਼ਾਰ

❖ ਪ੍ਰੀਤਮ ਸਿੰਘ 'ਕਾਸਦ'

## ਧਰਮ ਰਖਸ਼ਕ

ਧਰਮ-ਰਖਸ਼ਕ, ਤਪੀਸ਼ਵਰ, ਸਹਿਜਯੋਗੀ,
ਛਟਮ-ਪੀਰ ਦੇ ਨੈਣਾਂ ਦਾ ਨੂਰ ਸੈਂ ਤੂੰ।
ਦੀਨਾਂ, ਦੁਖੀਆਂ, ਅਨਾਥਾਂ ਲਈ ਲੜਨ ਵਾਲਾ,
ਸਾਰੀ ਸਰਿਸ਼ਟੀ 'ਚ ਕਲਾ ਹਜ਼ੂਰ ਸੈਂ ਤੂੰ।

ਧਨੀ ਤੇਗ ਦਾ ਸੈਂ, ਗ਼ੱਨੀ ਦਿਲ ਦਾ ਸੈਂ,
ਹਰਖ ਸੋਗ ਤੋਂ ਮੁਕਤ ਮਨਸੂਰ ਸੈਂ ਤੂੰ।
ਤੋੜੀ ਤੇਗ਼ ਤੂੰ ਮੁਗ਼ਲ-ਚੁਗ਼ੱਤਿਆਂ ਦੀ,
ਤਾਹੀਉਂ 'ਤੇਗ਼ ਬਹਾਦਰ' ਮਸ਼ਹੂਰ ਸੈਂ ਤੂੰ।

ਧਰਤੀ-ਮਾਂ ਦੇ ਮੱਥੇ ਦਾ ਤਿਲਕ ਸੈਂ ਤੂੰ,
ਜਨਣੀ-ਮਾਂ ਦੀ ਕੁੱਖ ਦੀ ਲਾਜ ਸੈਂ ਤੂੰ।
ਕੋਈ ਪਤਝੜ ਨਾਂਹ ਤੈਨੂੰ ਉਜਾੜ ਸਕੀ,
ਐਸਾ ਖਿੜਿਆ ਗੁਰੂ ਨਾਨਕ ਦਾ ਬਾਗ਼ ਸੈਂ ਤੂੰ।

ਔਰੰਗਜ਼ੇਬ, ਜ਼ਹਿਰੀਲੜੇ ਸੱਪ ਵਾਂਗੂ,
ਸਾਰੀ ਜ਼ਿੰਦਗੀ ਪਰਜਾ 'ਚ ਜ਼ਹਿਰ ਵੰਡਿਆ।
ਪਰ ਤੂੰ ਜ਼ਹਿਰ ਉਤਾਰਨ ਦਾ ਮੂਲ-ਮੰਤਰ,
ਪਿੰਡ ਪਿੰਡ ਵੰਡਿਆ, ਸ਼ਹਿਰ ਸ਼ਹਿਰ ਵੰਡਿਆ।

ਉਹਦੀ ਬੰਦਗੀ, ਖ਼ਲਕਤ ਦਾ ਖ਼ੂਨ ਪੀਣਾ,
ਤਾਹੀਉਂ ਓਸ ਨੇ ਕਹਿਰ ਤੇ ਕਹਿਰ ਵੰਡਿਆ।
ਪਰ ਤੂੰ ਇਕ-ਓਂਕਾਰ ਦਾ ਨਾਮ ਮਿੱਠਾ,
ਸੁਆਸ ਸੁਆਸ ਜਪਿਆ, ਅਠੇ ਪਹਿਰ ਵੰਡਿਆ।

ਆਲਮਗੀਰ, ਸੁਲਤਾਨ ਕਲਜੋਗਣਾਂ ਦਾ,
ਪਰ ਤੂੰ ਸ਼ਹਿਨਸ਼ਾਹ ਧਰਮ ਦੇ ਆਸ਼ਕਾਂ ਦਾ।
ਉਹਦੀ ਕਬਰ ਤੇ ਰਾਜ ਹੈ ਉੱਲੂਆਂ ਦਾ,
ਤੇਰੇ ਦਰ ਤੇ ਝੁਰਮਟ ਉਪਾਸ਼ਕਾਂ ਦਾ।

ਦਿੱਲੀ, 'ਚਾਂਦਨੀ-ਚੌਕ' ਦੇ ਥੜ੍ਹੇ ਉਤੇ,
ਤੇਰੇ ਇਸ਼ਕ ਦੀ ਲੋਕਾਂ ਤਸਵੀਰ ਵੇਖੀ
ਕਟੀ ਗਈ ਨਾ ਮੁਗ਼ਲ ਸਰਕਾਰ ਪਾਸੋਂ,
ਤੇਰੇ ਸਿਰੜ ਦੀ ਐਸੀ ਜ਼ੰਜੀਰ ਵੇਖੀ।

ਤੇਰੇ ਖ਼ੂਨ ਨੂੰ ਚੁੰਮਦਿਆਂ ਸਾਰ ਧਰਤੀ,
ਆਪਣੀ ਮਿੱਟੀ ਦੀ ਬਦਲੀ ਤਾਸੀਰ ਵੇਖੀ।
ਲਾਲ-ਕਿਲ੍ਹੇ ਦੇ ਮੂਰਖ ਸਮਰਾਟ ਤਾਈਂ,
ਪਾਉਂਦੀ ਲ੍ਹਾਨਤਾਂ ਹਰ ਇਕ ਜ਼ਮੀਰ ਵੇਖੀ।

ਨਾ ਤੂੰ ਬੁੱਤ ਪੂਜੇ, ਨਾ ਤੂੰ ਤਿਲਕ ਲਾਏ,
ਨਾ ਤੂੰ ਪਾਏ ਜੰਜੂ ਅਪਣੇ ਤਨ ਉਤੇ।
ਫਿਰ ਵੀ ਤਿਲਕ ਤੇ ਜੰਜੂ ਦੀ ਰੱਖਿਆ ਲਈ,
ਦਿੱਤਾ ਸੀਸ ਤੂੰ ਅਤੀ ਪ੍ਰਸੰਨ ਹੋ ਕੇ।

ਤੇਰਾ ਸੀਸ ਭਾਈ 'ਜੈਤੇ' ਨੇ ਭੇਟ ਕੀਤਾ,
ਮਾਤਾ ਨਾਨਕੀ ਗੋਦੀ 'ਚ ਰਖ ਚੁੰਮਿਆਂ।
'ਗੋਬਿੰਦ' ਤੇਗ਼ ਤੇ ਰੱਖ ਕੇ ਹੱਥ ਚੁੰਮਿਆਂ,
'ਗੁਜਰੀ' ਪਤਨੀ ਦੀ ਨੂਰੀ ਅੱਖ ਚੁੰਮਿਆਂ।

'ਲਖੀ ਸ਼ਾਹ' ਪਰਵਾਰ ਨੇ ਧੱੜ ਤੇਰਾ,
ਤੇਰੇ ਚਰਨਾਂ ਦੀ ਧੂੜ ਨੂੰ ਚੱਖ ਚੁੰਮਿਆਂ।
ਅਪਨੇ ਮਹਿਲਾਂ 'ਚ ਤੇਰਾ ਸਸਕਾਰ ਕਰ ਕੇ,
ਹਰ ਇਕ ਫੁੱਲ ਤੇਰਾ ਵੱਖੋ ਵੱਖ ਚੁੰਮਿਆਂ।

ਆਸ਼ਕ ਚੁੰਮਦੇ ਨਿਤ 'ਰਕਾਬ-ਗੰਜ' ਨੂੰ,
'ਸੀਸ-ਗੰਜ' ਨੂੰ ਦੇਵਤੇ ਚੁੰਮਦੇ ਨੇ,
ਤਿੰਨ ਸੌ ਸਾਲ ਤੋਂ ਹੀ 'ਸੀਸ-ਗੰਜ' ਦੁਆਲੇ,
ਤਿੰਨੇ ਲੋਕ ਪ੍ਰਕਰਮਾਂ 'ਚ ਘੁੰਮਦੇ ਨੇ।

'ਮਤੀ ਦਾਸ' ਨੂੰ ਸ਼ਰ੍ਹਾ ਦੋ ਫਾੜ ਕਰ ਕੇ,
'ਸਤੀ ਦਾਸ' ਦਾ ਖ਼ੂਨ ਨਿਚੋੜਦੀ ਰਹੀ।
ਤਤੇ ਤੇਲ ਵਿਚ ਤਲ ਕੇ ਭਾਈ 'ਦਿਆਲਾ',
ਹੋਣੀਂ ਚਾਂਦਨੀ ਚੌਕ ਵਿਚ ਦੌੜਦੀ ਰਹੀ।

ਕੱਟ ਕੱਟ ਕੇ ਬੁੱਤਾਂ ਨੂੰ ਤੇਗ਼ ਤੁਰਕੀ,
ਤਿਲਕ ਮੇਟਦੀ ਰਹੀ, ਜੰਜੂ ਤੋੜਦੀ ਰਹੀ।
ਤੇਰਾ ਖ਼ੂਨ ਬੁੱਤਖ਼ਾਨੇ ਦੀ ਜੋਤ ਬਣਿਆ,
ਚਰਬੀ ਜੰਜੂਆਂ ਦੇ ਧਾਗੇ ਜੋੜਦੀ ਰਹੀ।

ਕਵੀ ਤੇਰੀ ਕੁਰਬਾਨੀ ਦੇ ਗਾਉਣ ਸੋਹਲੇ,
ਮੈਂ ਅਨਜਾਣ 'ਕਾਸਦ' ਕਿਹੜੇ ਬੋਲ ਬੋਲਾਂ।
ਸਾਰੀ ਸ੍ਰਿਸ਼ਟੀ 'ਚ ਹੀ ਤੇਰਾ ਜਵਾਬ ਕੋਈ ਨਹੀਂ।
ਕਿਹੜੀ ਤਕੜੀ ਤੇ ਤੇਰਾ ਇਸ਼ਕ ਤੋਲਾਂ।

– ਖੜਗ ਖ਼ਾਲਸਾ 'ਚੋਂ

❖ ❖ ❖ ❖

# Bhai Mani Singh

**Major Gurmukh Singh**

Bhai Mani Singh, (scholar and martyr) was, according to his contemporary Kesar Singh Chhibbar, from a Kamboj family, and according to some later chroniclers, following Giani Gian Singh, *Panth Prakash*, from Dullat Jatt family of Kamboval village (now extinct), near Sunam ($30^0$-7'N, $75^0$-48'E), in Sangrur district of the Punjab. Mani Singh is said to have been brought in the early years of his birth to the presence of Guru Tegh Bahadur at Anandpur. He was approximately of the same age as the Guru's own son, Gobind Singh. Both grew up together – Gobind Rai (Das) and Mani Ram were the names they went by in those pre-Khalsa days. Mani Singh remained in his company even after he had ascended the religious seat as Guru. Mani Singh accompanied the Guru to the seclusion of Paonta where Guru Gobind Singh spent some three years exclusively given to literary work.



Guru Gobind Singh dictating *Bani* of (Guru) Granth Sahib to Bhai Mani Singh at Damdama Sahib which is popularly known as *Damdami Beerh*.

Mani Singh had also developed a taste in letters. He transcribed for distribution the holy volumes and shorter anthologies of hymns and *shabads*. When on 30 March, 1699 Guru Gobind Singh inaugurated the Khalsa, Bhai Mani Singh was among those who took the vows. Soon thereafter he was sent by the Guru to Amritsar to take charge of the Harimandar which had been without a custodian since the death in 1696 of Sodhi Harji. Mani Singh happened to be in Anandpur again when following the last of a series of battles against the Hindu hill rajas and the Mughal troops at Anandpur, the Guru evacuated the town on the night of 5-6 December, 1705. He escorted Guru Gobind Singh's wives, Mata Sundari and Mata Sahib Devan to Delhi. In 1706 he re-joined Guru Gobind Singh at Talvandi Sabo (Damdama Sahib) where he prepared under his guidance the final recension of Sikh Scripture, the Guru Granth Sahib. Some time after the Guru's departure for the South. Bhai Mani Singh resumed his duties at Amritsar. According to Ratan Singh Bhangu, *Prachin Panth Prakash*, he carried out his duties at Amritsar under the authority of Mata Sundari, who was at Delhi.

"Residing in the Akal Bunga," says Ratan Singh Bhangu, "he strengthened the sinews of Sikhs' religious faith and corrected such of

Bhai Mani Singh's achievement in the literary sphere is his compilation of the *Dasam Granth*, the Tenth Master's Book, containing compositions generally believed to be Guru Gobind Singh's. To his name are attributed two other works in prose: *Gian Ratnavali*, an account in traditional style of the life of Guru Nanak, and *Bhagat Ratnavali*, better known as *Sikhan di Bhagal Mala*, which is an illustrative commentary, in anecdotal style, on Bhai Gurdas, Var XI. The author of *Gurbilas Chhevin Patshahi* also claims that his work is based upon discourses given by Bhai Mani Singh.

them as had faltered or erred. He sowed the seed and planted *gurmat* among all irrespective of caste, through discourse and anecdote." He also went around the countryside preaching. For example, a letter, still preserved, written by him to Mata Sundari on 20 April, 1711 shows him to be engaged in his religious and administrative duties at Amritsar; but three years later in 1714-15, he was, according to *Gurbilas Chhevin Patshahi* at Nanaksar in Baganvala village in Jhang district giving discourses on the life of Guru Hargobind.

As dissensions broke out in the Sikh Panth after the capture and martyrdom of Banda Singh Bahadur, Bhai Mani Singh used his influence to bring about peace between the warring groups – the Bandai Sikhs and the Tat Khalsa. During the repression let loose on the Sikhs by the Mughal governors of the Punjab, Abdus Samad Khan and his son and successor, Zakariya Khan, the traditional festivals Diwali and Baisakhi had hardly been held in peace. In 1737, Bhai Mani Singh sought Zakariya Khan's permission to hold the Diwali festival at Amritsar. It was granted on the condition that a poll tax amounting to five thousand rupees (ten thousand according to Ratan Singh Bhangi) would be paid to government. This was simply a ruse, because, on the other hand, the governor sent a strong force under Diwan Lakhpat Rai to annihilate the Sikhs collected for the festival. Mani Singh got wind of the governor's plan and forbade the Sikhs, scattered in different forests and desert regions, to assemble at Amritsar. Consequently no tax could be collected and paid. Bhai Mani Singh was prosecuted for not paying the stipulated sum. After a summary trial he was asked either to embrace Islam or face death. He chose the latter and was executed with his body mangled bone by bone. On the site of his martyrdom in Lahore stood, until the partition, Gurdwara Shahid Ganj. Another memorial Gurdwara has been raised in recent decades at the ruined site of Kamboval near Laungoval, believed to be his birthplace.

Bhai Mani Singh's achievement in the literary sphere is his compilation of the *Dasam Granth*, the Tenth Master's Book, containing compositions generally believed to be Guru Gobind Singh's. To his name are attributed two other works in prose: *Gian Ratnavali*, an account in traditional style of the life of Guru Nanak, and *Bhagat Ratnavali*, better known as *Sikhan di Bhagal Mala*, which is an illustrative commentary, in anecdotal style, on Bhai Gurdas, Var XI. The author of *Gurbilas Chhevin Patshahi* also claims that his work is based upon discourses given by Bhai Mani Singh.

---

Courtesy: *The Encyclopaedia of Sikhism*, Edited by Harbans Singh


❖ ❖ ❖ ❖

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਪਤਿਤ ਪਵਿੱਤ੍ਰ

(ਅਛੂਤ ਉਧਾਰ)

1.




ਜਿਵੇਂ ਪਰਾਂ ਤੇ ਪਈ ਬਰਫ ਨੂੰ ਪੰਛੀ ਝਾੜਦਾ ਹੈ, ਪਰ ਹੁੰਦਾ ਅਜੇ ਠੰਢ ਵਿਚ ਹੈ, ਤਿਵੇਂ ਸਿਆਲੇ ਨੇ ਖੰਭ ਤਾਂ ਝਾੜੇ ਹੈਨ ਪਰ ਹੈ ਅਜੇ ਸਰਦੀ। ਸੰਤ ਬਿਮਲਾ ਸਿੰਘ ਜੀ ਵਿਚਰਦੇ ਵੀਚਾਰਦੇ ਚੱਕਾਂ ਵਿਚ ਆਏ ਹੋਏ ਹਨ। ਇਕ ਚੱਕ ਦੇ ਬਾਹਰ ਇਕ ਕੁਟੀ ਵਿੱਚ ਡੇਰਾ ਹੈ, ਖੋਰੀ ਹੇਠ ਵਿਛਾਈ ਹੋਈ ਹੈ, ਇਸਦੇ ਉਤੇ ਇਕ ਚਾਦਰਾ ਵਿਛਿਆ ਹੋਇਆ ਹੈ, ਜਿਸ ਪਰ ਬਿਰਾਜਦੇ ਹਨ। ਇਕ ਕੰਬਲੀ ਹੈ ਕਾਲੀ ਉੱਨ ਦੀ ਜੋ ਰਾਤ ਨੂੰ ਪਾਲੇ ਤੋਂ ਰੱਖਿਆ ਲਈ ਕੰਮ ਦੇਂਦੀ ਹੈ। ਲੇਫ ਜਿੰਨੀ ਨਿੱਘੀ ਤਾਂ ਨਹੀਂ, ਪਰ ਤਤਿਖਜਾ ਦਾ ਸੁਭਾਉ ਹੋਣ ਕਰਕੇ ਇੰਨੇ ਵਿਚ ਹੀ ਸੰਤ ਰਾਤ ਦਾ ਨਿਰਬਾਹ ਕਰ ਲੈਂਦੇ ਹਨ। ਦਿਨ ਵੇਲੇ ਏਸੇ ਕੰਬਲੀ ਦੀ ਬੁੱਕਲ ਮਾਰ ਲੈਂਦੇ ਹਨ। ਇਸੀ ਤਰ੍ਹਾਂ ਆਪਣੇ ਸਰੀਰ ਦੀਆਂ ਲੋੜਾਂ ਬਹੁਤ ਘਟਾ ਛੱਡੀਆਂ ਹਨ, ਜੋ ਕਿਸੇ ਉਤੇ ਸੰਤਾਂ ਦਾ ਸਰੀਰ ਭਾਰੂ ਨਾ ਹੋਵੇ। ਅੰਤਰ ਆਤਮੇ ਵਾਹਿਗੁਰੂ ਜੀ ਨਾਲ ਲਗਾਉ ਵਿਚ ਸਦਾ ਰਹਿਣ ਕਰਕੇ ਤ੍ਰਿਸ਼ਨਾ, ਹਾਂ ਸੰਸਾਰਕ ਭੋਗਾਂ ਦੀਆਂ ਤ੍ਰਿਸ਼ਨਾ ਤੇ ਬਿਜੈ ਪਾ ਚੁਕੇ ਹਨ। ਹੈ ਤਾਂ ਆਖਣਾ ਸੌਖਾ ਪਰ ਕਮਾਈ ਕਠਨ ਹੈ ਤ੍ਰਿਸ਼ਨਾ ਨੂੰ ਜਿਤ ਲੈਣ ਦੀ। ਪਰ ਸੰਤਾਂ ਤੇ ਮਿਹਰ ਹੋਈ ਹੈ, ਉੱਚੇ ਰਸ ਵਿਚ ਚਲੇ ਗਏ ਹਨ, ਇਸ ਕਰਕੇ ਨੀਵੇਂ ਰਸਾਂ ਦੀ ਖਿੱਚ ਨਹੀਂ ਰਹੀ। ਹਾਂ "ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥" "ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥" ਆਪ ਗੁਰੂ ਮਤ ਦੁਆਰਾ ਪਰਮ ਪਦ ਨੂੰ ਅੱਪੜੇ ਹਨ, ਇਸ ਕਰਕੇ ਇਹ ਗੱਲ ਨਹੀਂ ਹੋਈ ਕਿ ਕੋਈ ਮੁਰਦਿਹਾਨ ਜੇਹੀ ਵੈਤ੍ਰਿਸ਼ਨ ਅਵਸਥਾ ਆਈ ਹੋਵੇ। ਆਪ ਰਸੀਏ ਹਨ ਸਾਈਂ ਦੇ ਰਸ ਦੇ, ਨਾਮ ਰਸ ਦੇ, ਰਸੀਏ ਹਨ ਕੁਦਰਤ ਦੇ ਰੰਗਾਂ ਦੇ, ਰਸੀਏ ਹਨ ਉਹ ਸੁਹਜ ਦੇ ਜੋ ਕੀਰਤਨ ਵਿਚ ਵਸਦਾ ਹੈ, ਰਸੀਏ ਹਨ ਕੋਮਲ ਹੁਨਰਾਂ ਦੇ ਵਿਸਮਾਦੀ ਪਹਿਲੂ ਦੇ। ਪਰ ਸਭ ਤੋਂ ਉੱਚੇ ਆਤਮ ਰਸ ਦੇ ਰਸੀਏ ਹੋਣ ਕਰਕੇ ਅਸਥੂਲ ਤੇ ਤ੍ਰਿਸ਼ਨਾ ਮਈ ਨੀਵੇਂ ਰਸਾਂ ਵਿਚ ਆਪਦੀ ਬ੍ਰਿਤੀ ਸਥੂਲਤਾ ਪ੍ਰਤੀਤ ਕਰਦੀ ਹੈ ਤੇ ਅੰਦਰਲੇ ਸੂਖਮ ਰਸ ਦੀ ਲੱਖਤਾ ਉਨ੍ਹਾਂ ਰਸਾਂ ਵਿਚ ਜਾਕੇ ਗੁੰਮਦੀ ਸਮਝਦੇ ਹਨ, ਇਸ ਤਰ੍ਹਾਂ ਹੋਰ ਰਸ ਹੁਣ ਰਸਮਈ ਨਹੀਂ ਭਾਸਦੇ ਸਗੋਂ ਅੰਦਰਲੇ ਸੂਖਮ ਰਸਾਂ ਤੋਂ ਰਸਹੀਨ ਕਰਨ ਵਾਲੇ ਜਾਪਦੇ ਹਨ। ਐਉਂ ਕਿਸੇ ਵੈਤ੍ਰਿਸ਼ਨ ਪਰ ਆਤਮ ਰਸ ਵਾਲੀ-ਰਸ ਵੈਰਾਗੀ-ਅਵਸਥਾ ਵਿਚ ਰਹਿੰਦੇ ਹਨ ਸੰਤ ਆਪ। ਇਧਰ ਗੁਰੂ ਘਰ ਤੋਂ ਵਰੋਸਾਏ ਜਾਕੇ ਜਗਤ ਜਲੰਦੇ ਵਿਚ 'ਖੁਨਕ ਨਾਮ ਖੁਦਾਇਆ' ਦੀ ਠੰਢ ਵਰਤਾਉਣ ਦੀ ਸੁਤੇ ਸੇਵਾ ਵਿਚ ਲੱਗ ਜਾਂਦੇ ਹਨ। ਇਸ ਤਰ੍ਹਾਂ ਆਪ ਹੁਣ ਜਿਸ ਚੱਕ ਵਿਚ ਸਨ ਸੇਵਾ ਕਰ ਰਹੇ ਸਨ। ਰਹਿੰਦੇ ਤਾਂ ਸਨ ਇਕਾਂਤ ਸੱਤ ਪਹਿਰ, ਪਰ ਅਠਵੇਂ ਪਹਿਰ ਪ੍ਰਭਾਤੇ ਗੁਰਦੁਆਰੇ ਕੀਰਤਨ ਸੁਣਦੇ ਤੇ ਗੁਰੂ ਬਾਬੇ ਦੀ ਕਥਾ ਕਰਕੇ ਡੇਰੇ ਆ ਜਾਂਦੇ ਸਨ।

2.

ਅੰਮ੍ਰਿਤ ਵੇਲਾ ਹੋ ਬੀਤਿਆ, ਕਥਾ ਦਾ ਭੋਗ ਪੈ ਗਿਆ। ਸੰਤ ਧਰਮਸਾਲਾ ਤੋਂ ਟੁਰੇ ਕੁਟੀ ਵਲ ਨੂੰ ਪਰ ਕੁਛ ਸੈਲੇ ਦੇ ਖਿਆਲ ਨਾਲ ਬਨ ਵਲ ਨਿਕਲ ਗਏ। ਕੀ ਦੇਖਦੇ ਹਨ ਕਿ ਇਕ ਆਲ੍ਹਣੇ ਤੋਂ ਦੋ ਬੋਟ ਢੱਠੇ ਹਨ, ਇਕ ਇਨਸਾਨੀ ਖੋਪਰੀ ਪਈ ਹੈ, ਬੋਟ ਇਸ ਵਿਚ ਵੜ ਗਏ ਹਨ, ਚੀਂਚੀਂ ਕਰਦੇ ਹਨ ਤੇ ਅੱਖਾਂ ਵਾਲੇ ਛੇਕਾਂ ਤੋਂ ਚੁੰਝਾਂ ਬਾਹਰ ਕੱਢਦੇ ਤੇ ਅੰਦਰ ਖਿੱਚਦੇ ਹਨ। ਇਕ ਪਲ ਲਈ ਸੰਤ ਖੜੋ ਗਏ। ਸੋਚੀਂ ਪੈ ਗਏ : 'ਹੈਂ! ਹੇ ਖੋਪਰੀ! ਕੀ ਜਾਣੀਏਂ ਤੂੰ ਕਿਸਦੀ ਹੈਂ? ਤੇਰੇ ਤੇ ਕਿਸ ਤਰ੍ਹਾਂ ਦਾ ਰੂਪ ਤੇ ਜੋਬਨ ਸੀ ਜਦੋਂ ਤੂੰ ਕਿਸੇ ਜੀਉਂਦੇ ਸਰੀਰ ਦਾ ਸਿਰਤਾਜ ਸੈਂ। ਹਾਂ, ਕੀ ਤੂੰ ਉਹੋ ਸੁੰਦਰੀ ਤਾਂ ਨਹੀਂ ਸੈਂ, ਜਿਸਨੇ ਆਪਣੀ ਗੋਲੀ ਦਾ ਪੀਠਿਆ ਕੱਜਲ ਅੱਖਾਂ ਵਿਚ ਪਾਇਆ ਸੀ। ਹਾਂ, ਕੱਜਲ ਪੀਹਣ ਵਿਚ ਰਤਾ ਮੁਟੇਰਾ ਰਹਿ ਗਿਆ ਸੀ, ਸੁੰਦਰੀ ਨੇ ਕੱਜਲ ਪੀਹਣ ਵਾਲੀ ਗੋਲੀ ਨੂੰ ਕਮਚੀਆਂ ਨਾਲ ਮਾਰਿਆ ਸੀ ਕਿ ਮੇਰੇ ਨਾਜ਼ਕ ਨੈਨਾਂ ਨੂੰ ਤੂੰ ਖੇਚਲ ਕਿਉਂ ਦਿੱਤੀ ਹੈ। ਆਹ ਸੁੰਦਰੀ! ਕੀ ਤੈਨੂੰ ਹੇ ਖੋਪਰੀ ਤਦੋਂ ਪਤਾ ਸੀ ਕਿ ਇਕ ਦਿਨ ਇਸ ਸਰੀਰ ਵਿਚੋਂ ਜਿੰਦ ਵਹੁਟੀ ਨੂੰ ਮੌਤ ਦਾ ਵਰ ਪਰਨਾ ਲੈ ਜਾਸੀ ਤਾਂ ਇਹ ਛੁੱਟੜ ਹੋ ਡਿੱਗੇਗੀ। ਹਾਂ ਉਹ ਸੁਹਣਾ ਦਮਕਦਾ ਮਾਸ ਉਡ ਜਾਏਗਾ ਤੇ ਉਸ ਸੋਚਾਂ ਵਾਲੇ ਹੰਕਾਰੀ ਸਿਰ ਵਿਚੋਂ ਮਦ-ਮੱਤਾ ਮਗਜ਼ ਮਿਟ ਜਾਏਗਾ ਉਥੇ ਬੋਟ ਆ ਕੇ ਵੜਨਗੇ ਤੇ ਚੀਂ ਚੀਂ ਕਰਕੇ ਸਿਰ ਵਿਚ ਹੀ ਸ਼ੋਰ ਮਚਾਉਣਗੇ। ਉਨ੍ਹਾਂ ਨੈਣ ਕੋਇਆਂ ਵਿਚ ਜਿੱਥੇ ਕਜਲ ਦੀ ਰੇਖ ਰੜਕਾਂ ਮਾਰਦੀ ਸੀ ਬੋਟਾਂ ਦੀਆਂ ਚੁੰਝਾਂ ਉਛਾਲੇ ਲੈਣਗੀਆਂ ਤੇ ਤੈਨੂੰ ਰੜਕਾਂ ਨਹੀਂ ਪੈਣਗੀਆਂ। ਹਾਂ ਤੇਰੀਆਂ ਨਾਜ਼ਕ ਅੱਖੀਆਂ ਨਹੀਂ ਹੋਣਗੀਆਂ।

ਹੇ ਮਨ! ਇਹ ਨਜ਼ਾਰਾ ਦੇਖ ਅਤੇ ਆਪਣੇ ਤੇ ਘਟਾ ਜਿਵੇਂ ਕਦੇ ਫਰੀਦ ਸਾਂਈਂ ਨੇ ਇਹੋ ਰੰਗ ਡਿੱਠਾ, ਮਨ ਵਿਚ ਕੰਘੀ ਮਾਰੀ ਤੇ ਸਾਡੇ ਉਪਦੇਸ਼ ਲਈ ਸੱਦ ਦਿੱਤੀ ਸੀ :-

**ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥**
**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥੧੪॥**

(ਚਲਦਾ)

ਖਾਲਸਾ ਸਮਾਚਾਰ
੧੦੦ ਸਾ
ਪਹਿਲਾਂ ਲ

ਹਫ਼ਤਾਵਾਰ ਪੰਜਾਬੀ ਪਰਚਾ

14 ਜੁਲਾਈ, 1921

# ਸਾਡੀ ਅੱਜ ਕੱਲ੍ਹ ਦੀ ਦਸ਼ਾ

ਅਸੀਂ ਜਦ ਆਪਣੀ ਅੱਜ ਕੱਲ੍ਹ ਦੀ ਹਾਲਤ ਨੂੰ ਡੂੰਘੀ ਨਜ਼ਰ ਨਾਲ ਦੇਖਕੇ ਵਿਚਾਰਦੇ ਹਾਂ ਤਾਂ ਇਹੋ ਹੀ ਪਤਾ ਲੱਗਦਾ ਹੈ ਕਿ ਜਿਸ ਤਰ੍ਹਾਂ ਕਿਸੇ ਗੁਜ਼ਰੇ ਹੋਏ ਜ਼ਮਾਨੇ ਵਿਚ ਅਸੀਂ ਭਗਤੀ, ਪ੍ਰੇਮ, ਨਾਮ, ਦਾਨ, ਇਸ਼ਨਾਨ, ਸਹਿਜ, ਵੈਰਾਗ, ਸ਼ਾਂਤੀ, ਸੱਚ, ਭਾਣਾ ਅਤੇ ਹੁਕਮ ਮੰਨਣ ਵਿਚ ਸਭ ਤੋਂ ਵਧੇ ਹੋਏ ਸਾਂ, ਉਸੇ ਤਰ੍ਹਾਂ ਹੀ ਅੱਜ ਕੱਲ੍ਹ ਕਪਟ, ਕੂੜ, ਗੁੱਸਾ, ਚੈਨ, ਵਿਰੋਧ, ਈਰਖਾ, ਤ੍ਰਿਸ਼ਨਾ, ਹੰਕਾਰ, ਸਾਡੇ ਵਿਚ ਸਭ ਤੋਂ ਵਧ ਗਿਆ ਹੈ ਔਰ ਸਾਡੇ ਨਾਲ ਵੀ ਉਹੋ ਹੀ ਗੱਲ ਹੋ ਗਈ ਹੈ, ਜਿਸਦੀ ਬਾਬਤ ਫਰੀਦ ਜੀ ਨੇ ਕਿਹਾ ਹੈ:- "ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥ ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ।" ਅਸਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਈਂ ਦੀ ਸਾਰ ਵਾਲੇ ਦੁਨੀਆਂ ਤੋਂ ਵੱਖਰੇ ਘੜਯਾ ਸੀ, ਪਰ ਹੁਣ ਇਹ ਪ੍ਰਤੀਤ ਹੁੰਦਾ ਹੈ ਕਿ ਅਸਾਂ ਸਾਈਂ ਦੀ ਸਾਰ ਭੁਲਾ ਛੱਡੀ ਹੈ, ਸਾਨੂੰ ਤਾਂ ਸਾਈਂ ਨੇ ਫਿਰ ਭੁਲਾਉਣਾ ਹੀ ਸੀ। ਹੁਣ ਜਦੋਂ ਇਸਦੇ ਕਾਰਨ ਨੂੰ ਲੱਭੀਏ ਤਾਂ ਕੇਵਲ ਇਕ ਸਤਿਸੰਗਤ ਦੀ ਅਣਹੋਂਦ ਅਤੇ ਕੁਸੰਗਤ ਦ ਲਾਗ ਦਾ ਪਤਾ ਲੱਗਦਾ ਹੈ, ਜਿਸਨੂੰ ਅਸਾਂ ਭੁਲੇਖੇ ਨਾਲ ਸਤਿਸੰਗ ਸਮਝ ਲਿਆ ਹੈ। ਉਹ ਸਤਿਸੰਗ ਅਸਲ ਵਿਚ ਨਹੀਂ ਹੈ, ਕਿਉਂਕਿ ਗੁਰੂ ਸਾਹਿਬ ਜੀ ਨਾਮ ਦੀ ਪਛਾਣ ਆਪਣੇ ਮੁਖਾਰਬਿੰਦ ਤੋਂ ਇਉਂ ਫਰਮਾਂਦੇ ਹਨ:- "ਸਤਸੰਗਤਿ ਕੈਸੀ ਜਾਣੀਐ॥ ਜਿਥੈ ਇਕੋ ਨਾਮੁ ਵਖਾਣੀਐ॥" ਭਾਈ! ਸਤਿਸੰਗਤ ਉਹ ਏ ਜਿੱਥੇ (ਨਾਮ) ਪ੍ਰਭੂ ਕਰਨਹਾਰ ਦੇ ਸਿਮਰਨ ਤੋਂ ਬਿਨਾਂ ਹੋਰ ਕੋਈ ਗੱਲ ਨਾ ਹੁੰਦੀ ਹੋਵੇ। ਪੁਰਾਣੇ ਗੁਰੂਸਿੱਖ ਜਦੋਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਤਿਸੰਗਤ ਵਿਚ ਜੁੜਦੇ ਸਨ, ਤਾਂ ਕੇਵਲ ਇਕ ਪ੍ਰਭੂ ਕਰਨਹਾਰ ਦਾ ਸਿਮਰਣ, ਕੀਰਤਨ ਅਤੇ ਪ੍ਰਭੂ ਦੇ ਪਿਆਰਿਆਂ ਦੇ ਇਤਿਹਾਸ ਦੀ ਹੀ ਚਰਚਾ ਕਰਦੇ ਸਨ, ਨਾਂ ਕਿ ਸਾਡੇ ਵਾਕਰ ਦੁਨੀਆ ਵਾਲੀਆਂ ਕੂੜੀਆਂ ਗੱਲਾਂ। ਗੁਰੂ ਜੀ ਮਹਾਰਾਜ ਫੁਰਮਾਂਦੇ ਹਨ:- "ਆਵਹੁ ਭੈਣੇ ਗਲਿ ਮਿਲਹੁ ਅੰਕਿ ਸਹੇਲੜੀਆਹ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥" ਆਓ ਮੇਰੀਓ ਸਤਿਸੰਗ ਦੀਓ ਸਹੇਲੀਓ! ਪ੍ਰੇਮ ਨਾਲ ਰਲ ਮਿਲੋ, ਮਿਲਕੇ ਕੀ ਕਰੋ? ਸਮਰੱਥ ਕੰਤ ਪ੍ਰਭੂ ਕਰਨਹਾਰ ਦੀਆਂ ਕਹਾਣੀਆਂ ਕਰੋ ਨਾ ਕਿ ਨਿੰਦਿਆ, ਕਿਸੇ ਦੀ ਬੁਰਿਆਈ, ਕਿਸੇ ਨੂੰ ਪੰਥ ਵਿਚੋਂ ਛੇਕ ਦੇਣ ਦਾ ਮਨਮਤਾ (ਜਿਸਨੂੰ ਭੁਲ ਨਾਲ ਅਸੀਂ ਗੁਰਮਤਾ ਆਖ ਲੈਂਦੇ ਹਾਂ, ਕਿਸੇ ਦਾ ਮੂੰਹ ਕਾਲਾ ਕਰਨਾ, ਕਿਸੇ ਨੂੰ ਨਾਮੋ ਕੁਨਾਮ ਸੱਦਣਾ, ਕਿਸੇ ਨੂੰ ਗਾਲਾਂ ਕੱਢਣੀਆਂ ਇਤਿਆਦ। ਅੱਜ ਕੱਲ੍ਹ ਅਸੀਂ ਦੁਨੀਆ ਦੇ ਨਾਲ ਮਿਲਕੇ ਆਪਣੇ ਸਤਿਸੰਗ ਰੂਪੀ ਸ਼ਾਂਤੀ ਦੇ ਸਮੁੰਦਰ ਨੂੰ ਭਵਸਾਗਰ ਬਣਾ ਲਿਆ ਹੈ। ਜਦੋਂ ਅਸੀਂ ਆਪੋ ਵਿਚ ਇਕੱਤ੍ਰ ਹੁੰਦੇ ਹਾਂ, ਤਾਂ ਕੀ ਦੇਖਦੇ ਹਾਂ ਕਿ ਉਸ ਮਹਾਨ ਸਤਿਗੁਰੂ ਦਸਾਂ ਪਾਤਸ਼ਾਹੀਆਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵੀ ਮਨਮਤਾਂ ਕਰਨੋ ਸੰਕੋਚ ਅਤੇ ਭੈ ਨਹੀਂ ਕਰਦੇ, ਜਿਸਤੋਂ ਸਿੱਧ ਹੁੰਦਾ ਹੈ ਕਿ ਅਸੀਂ ਵੀ ਦੁਨੀਆ ਨਾਲ ਵੱਜਣ ਲੱਗ ਪਏ ਹਾਂ। ਕਿੱਥੇ ਸਾਡੀ ਓਹ ਦਸ਼ਾ ਕਿ ਦੇਖ ਕੇ ਅਣਡਿੱਠ ਕਰਨਾ, ਕਿੱਥੇ ਇਹ ਦਸ਼ਾ ਕਿ ਪੰਥ ਸੇਵਕਾਂ ਉਪਰ ਨਿਰੋਲ ਝੂਠੇ ਅਲਜ਼ਾਮ ਲਾਕੇ ਆਪਣੇ ਆਪ ਨੂੰ ਦੇਸ਼ ਭਗਤ ਦੀ ਪਦਵੀ ਲੈਣ ਦੇ ਹੱਕਦਾਰ ਬਣਾਉਣਾ ਔਰ ਅੱਗੋ ਉਹੋ ਜਹੇ ਦੇਸ਼ ਭਗਤਾਂ ਨੇ ਉਹਨਾਂ ਨੂੰ ਸ਼ਹੀਦੀ ਜੈਸੀਆਂ ਪਵਿਤ੍ਰ ਪਦਵੀਆਂ ਦੇਣੀਆਂ। ਪਿਆਰੇ ਖਾਲਸਾ ਜੀ! ਕੀ ਇਹ ਅਧੋਗਤੀ ਨੂੰ ਜਾਣ ਵਾਲੀਆਂ ਗੱਲਾਂ ਹਨ ਕਿ ਨਹੀਂ, ਦੁਨੀਆ ਤਾਂ ਇਹ ਗੱਲ ਕਰਦੀ ਆਈ ਹੈ, ਪਰ ਜਿਸ ਤਰ੍ਹਾ ਮੈਂ ਆਪ ਦੀ ਸੇਵਾ ਵਿਚ ਪਹਲੇ ਬਿਨੈ ਕਰ ਚੁੱਕਾ ਹਾਂ, ਸਿੱਖ ਦੁਨੀਆ ਤੋਂ ਵੱਖਰੇ ਸਾਈਂ ਦੀ ਸਾਰ ਵਾਲੇ ਘੋੜੇ ਸਨ, ਉਹਨਾਂ ਵਿਚ ਇਹ ਗੱਲਾਂ ਨਹੀਂ ਸਨ, ਜਨਮ ਸਾਖੀ ਵਿਚ ਸ੍ਰੀ ਸਤਿਗੁਰੂ ਜੀ ਫੁਰਮਾਂਦੇ ਹਨ:- "ਜੇ ਬੋਲਾਂ ਤਾਂ ਆਖੀਏ ਬੜ ਬੜ ਕਰੇ ਬਹੁਤ। ਚੁਪ ਕਰਾ ਤਾਂ ਆਖੀਏ ਇਸ ਘਟ ਨਾਹੀ ਮਤਿ। ਉਠ ਚਲਾ ਤਾ ਆਖੀਏ ਛਾਰ ਗਿਆ ਸਿਰ ਘਤ। ਜੇ ਬੈਠਾ ਤਾਂ ਆਖੀਏ ਬੈਠਾ ਸਬਰ ਘਤ। ਜੇ ਨੀਵਾ ਤਾ ਆਖੀਏ ਡਰਦਾ ਕਰੇ ਭਗਤ। ਕਾਈ ਗਖੀ ਨ ਮੇਵਨੀ ਕਿਥੇ ਕਟਾ ਝਟ, ਐਥੇ ਉਥੋ ਨਾਨਕਾ ਕਰਤਾ ਰਖੇ ਪਤਿ।"

ਸੋ ਮਿੱਤ ਜੀ! ਜੇ ਵਿਚਾਰ ਦੀ ਕੰਘੀ ਮਨ ਵਿਚ ਮਾਰ ਕੇ ਦੇਖੀਏ ਤਾਂ ਅੱਜ ਕੱਲ੍ਹ ਅਸੀਂ ਸਿੱਖ ਵੀ ਉਸੇ ਦੁਨੀਆ ਦੀ ਸ਼੍ਰੇਣੀ ਵਿਚ ਆ ਰਲੇ ਹਾਂ, ਦੁਨੀਆ ਨਾਲ ਮਿਲਕੇ ਅਸੀਂ ਆਪਣਾ ਅਸਲੀ ਸਰੂਪ ਗਵਾਣ ਲੱਗੇ ਹਾਂ, ਸੰਸਾਰ ਤਾਂ ਇਸ ਗੁਝੀ ਭਾਹ ਵਿਚ ਸੜ ਹੀ ਰਿਹਾ ਸੀ, ਹੁਣ ਅਸੀਂ ਵੀ ਮਾਇਆ ਦੇ ਜਾਲ ਵਿਚ ਪੈਕੇ ਭਗਤੀ ਮਾਰਗ ਵਾਲੀ ਸੁਤੰਤ੍ਰਤਾ ਛੱਡਕੇ ਉਸੇ ਡੌਂ ਵਿਚ ਛਾਲ ਮਾਰਨ ਲਈ ਤਿਆਰ ਹੋ ਗਏ ਹਾਂ। ਗੁਰੂ ਜੀ ਨੇ ਸਾਨੂੰ ਸਿੱਖ ਭਗਤ ਘੜ ਕੇ ਕਿਹਾ ਸੀ:- "ਗੁਝੀ ਭਾਹਿ ਜਲੇ ਸੰਸਾਰਾ ਭਗਤ ਨਾ ਬਿਆਪੇ ਮਾਇਆ" ਸੱਚੇ ਸਿੱਖਾਂ (ਭਗਤਾਂ) ਨੂੰ ਮਾਇਆ ਦਾ ਲੇਸ਼ ਨਹੀਂ ਲਗੇਗਾ, ਹੋਰ ਸਾਰਾ ਸੰਸਾਰ ਮਾਇਆ ਦੀ ਛਿਪੀ ਹੋਈ ਅੱਗ ਵਿਚ ਸੜੇਗਾ।

ਸੋ ਪਿਆਰੇ ਖਾਲਸਾ ਜੀ! ਆਓ ਅਜੇ ਮੌਕਾ ਹੈ। ਉਸ ਸੱਚੇ ਸਤਿਗੁਰੂ ਦੀ ਸ਼ਰਣ ਵਿਚ ਆਕੇ ਅਰਦਾਸੇ ਸੋਧੀਏ ਕਿ ਓਹ ਬਖਸ਼ਿੰਦ ਪਿਤਾ ਸਾਡੇ ਪਿਛਲੇ ਔਗਣਾਂ ਨੂੰ ਬਖਸ਼ ਦੇਣ ਅਰ ਬੁਰਿਆਈਆਂ ਕੱਢਕੇ ਸਾਡੇ ਵਿਚ ਨੇਕੀਆਂ ਦਾ ਨਿਵਾਸ ਬਖਸ਼ਣ, ਅਸਾਂ ਨੂੰ ਸਤਿਸੰਗਤ ਕਰਨ ਦੀ ਉਮੰਗ ਬਖਸ਼ਣ। ਆਪੋ ਵਿਚ ਪ੍ਰੇਮ ਅਤੇ ਸਤਿਕਾਰ ਨਲ ਰਲ ਬੈਠੀਏ, ਪ੍ਰਭੂ ਕਰਨਹਾਰ ਦਾ ਕੀਰਤਨ ਅਤੇ ਉਸਦੀਆਂ ਕਹਾਣੀਆਂ ਤੋਂ ਬਿਨਾਂ ਹੋਰ ਕੋਈ ਆਹਰ ਨਾ ਹੋਵੇ, ਦਸਾਂ ਨੌਹਾਂ ਦੀ ਕਿਰਤ ਕਰਕੇ ਵੰਡ ਛਕੀਏ, ਆਪਸ ਵਿਚ ਦੇ ਝਗੜੇ ਝਾਂਜੇ ਛਡ ਕੇ ਨਿਰੋਲ ਸਿੱਖੀ ਵਿਚ ਨਿਵਾਸ ਰਖੀਏ।

❖ ❖ ❖ ❖

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ, ਅੰਗ-੨੧੯, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩੬੧}

ਮੂਲ [ੴ ਸਤਿਗੁਰ ਪ੍ਰਸਾਦਿ॥ ਰਾਗ ਗਉੜੀ ਮਹਲਾ ੯॥] ਅਰਥ

ਇਹ ਵਰ੍ਹਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਚੌਥੀ ਜਨਮ-ਸ਼ਤਾਬਦੀ ਦਾ ਵਰ੍ਹਾ ਹੈ ਇਸ ਲਈ ਸ਼ਬਦ ਵਿਆਖਿਆ ਦੇ ਇਸ ਲੜੀਵਾਰ ਕਾਲਮ 'ਚ ਤਬਦੀਲੀ ਕਰਦਿਆਂ ਅਸੀਂ ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਬਦਾਂ ਤੇ ਸਲੋਕਾਂ ਦੀ ਪੰਜਾਬੀ ਤੇ ਅੰਗ੍ਰੇਜ਼ੀ ਵਿਚ ਵਿਆਖਿਆ ਸ਼ੁਰੂ ਕਰ ਰਹੇ ਹਾਂ। ਆਸ ਹੈ ਕਿ ਪਾਠਕ-ਜਨ ਗੁਰੂ ਸਾਹਿਬ ਦੀ ਬਾਣੀ 'ਚੋਂ ਉਜਾਗਰ ਹੁੰਦੇ ਸੰਦੇਸ਼ ਤੋਂ ਸੇਧ ਲੈਣਗੇ ਅਤੇ ਜਨਮ ਸਫਲਾ ਕਰਨਗੇ। ਇਹੋ ਸਾਡੀ ਉਹਨਾਂ ਪ੍ਰਤੀ ਸੱਚੀ ਅਕੀਦਤ ਹੋਵੇਗੀ। - ਸੰਪਾਦਕ

**ਸਾਧੋ ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥੧॥**

ਹੇ ਸਾਧੂ (ਲੋਕੋ! ਆਪਣੇ) ਮਨ ਦਾ ਮਾਨ ਦੂਰ ਕਰੋ। ਖੋਟੇ ਆਦਮੀਆਂ ਦੀ ਸੰਗਤਿ ਤੋਂ ਤੇ ਕਾਮ ਕ੍ਰੋਧ ਆਦਿ ਵਿਕਾਰਾਂ ਤੋਂ ਦਿਨੇ ਰਾਤ ਦੂਰ ਭਜਦੇ ਰਹੋ॥੧॥ ਰਹਾਉ॥

(ਜੋ ਪੁਰਖ) ਸੁਖ ਤੇ ਦੁਖ ਦੋਹਾਂ ਨੂੰ ਇੱਕੋ ਜੇਹਾ ਕਰਕੇ ਜਾਣੇ (ਅਤੇ) ਮਾਨ ਤੇ ਅਪਮਾਨ ਨੂੰ (ਬੀ ਇਕੋ ਜਿਹਾ ਜਾਣੇ। ਹਾਂ ਜੋ) ਖੁਸ਼ੀ ਤੇ ਗ਼ਮੀ ਤੋਂ ਅਲੇਪ ਰਹਿੰਦਾ ਹੈ ਉਸ ਨੇ (ਇਸ) ਜਗਤ ਵਿਚ ਤੱਤ ਵਸਤੂ ਨੂੰ ਪਛਾਣ ਲਿਆ ਹੈ (ਭਾਵ ਉਹ ਪਰਮਾਤਮਾ ਨੂੰ ਸਿਆਣ ਲੈਂਦਾ ਹੈ।)॥੧॥

(ਹਾਂ ਜੀ ਉਹ ਪੁਰਖ) ਉਸਤੁਤਿ ਤੇ ਨਿੰਦਿਆ (ਇਨ੍ਹਾਂ) ਦੋਹਾਂ ਨੂੰ (ਬੀ) ਤਿਆਗ ਦੇਂਦਾ ਹੈ, (ਅਤੇ ਸਦਾ) ਤੁਰੀਆ ਪਦ ਦੀ ਖੋਜ ਵਿਚ ਰਹਿੰਦਾ ਹੈ। (ਪਰ) ਹੇ ਨਾਨਕ ਦਾਸ! ਇਹ (ਬੜੀ) ਔਖੀ ਖੇਲ ਹੈ, ਕਿਸੇ ਵਿਰਲੇ ਨੇ ਗੁਰੂ ਦੁਆਰੇ (ਇਸ ਖੇਲ ਨੂੰ) ਜਾਣਿਆ ਹੈ (ਭਾਵ ਖੇਲਣ ਦੀ ਜਾਚ ਸਿਖੀ ਹੈ) ॥੨॥੧॥

O saintly Devotees! Abandon all ego and cleanse your mind of this evil. You must always keep away from the evils like lust and wrath and also avoid consorting with the evil-minded persons.1.Pause.

A person who deems pain and pleasure alike, takes (worldly) honour and neglect in the same spirit and transcends both joy and sorrow is able to realize the Essence.1.

He realizes the Essence who neither indulges in slander nor in flattery, and instead makes endeavours to reach the supreme state of mystical oneness with God. Nanak, the devotee of God, says that it is rather difficult to successfully play the life-game; only some rare Guru-oriented persons can accomplish this objective.2.1.

(English Translation : Dr. Dharam Singh)

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ. ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ ਗਿਆ

2 ਜੁਲਾਈ ਨੂੰ ਗੁਰੂ ਹਰਿਗੋਬਿੰਦ ਸਾਹਿਬ ਰਾਹੀਂ ਸਥਾਪਤ ਮੀਰੀ-ਪੀਰੀ ਦੀਆਂ ਸ਼ਕਤੀਆ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਸਾਹਿਬਾਨ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਿਵਸ ਦੀ ਵਧਾਈ ਦਿੱਤੀ ਅਤੇ ਕੌਮ ਨੂੰ ਸਿੱਖੀ ਪਰੰਪਰਾਵਾਂ, ਰਿਵਾਇਤਾਂ ਨਾਲ ਜੁੜਨ ਦਾ ਸੱਦਾ ਦਿੱਤਾ।

## ਬ੍ਰਿਟਿਸ਼ ਕੋਲੰਬੀਆ, ਕੈਨੇਡਾ ਨੇ 1 ਜੁਲਾਈ ਨੂੰ 'ਸੰਤ ਤੇਜਾ ਸਿੰਘ ਦਿਵਸ' ਵਜੋਂ ਐਲਾਨਿਆ



ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੀ ਸਰਕਾਰ ਨੇ 1 ਜੁਲਾਈ ਨੂੰ 'ਸੰਤ ਤੇਜਾ ਸਿੰਘ ਦਿਵਸ' ਵਜੋਂ ਘੋਸ਼ਿਤ ਕੀਤਾ ਹੈ। ਇਹ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ। ਇਸ ਸਬੰਧ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਉਪ-ਰਾਜਪਾਲ ਨੇ ਇੱਕ ਸੂਚਨਾ ਜਾਰੀ ਕੀਤੀ ਹੈ ਜਿਸ ਵਿੱਚ ਕੈਨੇਡਾ ਵਿੱਚ ਸੰਤ ਤੇਜਾ ਸਿੰਘ ਜੀ ਅਤੇ ਸਿੱਖਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ ਹੈ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੁਆਰਾ ਜਾਰੀ ਸੂਚਨਾ ਦੇ ਅਨੁਸਾਰ, 19 ਵੀਂ ਸਦੀ ਦੇ ਅੰਤ ਤੋਂ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਬ੍ਰਿਟਿਸ਼ ਕੋਲੰਬੀਆ ਦੇ ਇਤਿਹਾਸ ਅਤੇ ਵਿਕਾਸ ਵਿੱਚ ਸਿੱਖਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮਨੁੱਖਤਾਵਾਦੀ, ਵਿਦਵਾਨ ਅਤੇ ਆਪਣੇ ਸਮੇਂ 'ਚ ਉੱਚ ਵਿੱਦਿਆ ਪ੍ਰਾਪਤ ਵਕੀਲ ਸੰਤ ਤੇਜਾ ਸਿੰਘ ਜੀ ਨੇ ਅਸਮਾਨਤਾ ਨੂੰ ਚੁਣੌਤੀ ਦੇਣ, ਇੱਕ ਨਿਆਂਕਾਰੀ ਸਮਾਜ ਲਈ ਲੜਨ, ਸਿੱਖ ਧਰਮ ਦੇ ਸਿਧਾਂਤਾਂ ਅਨੁਸਾਰ ਬਿਨਾਂ ਕਿਸੇ ਭੇਦ ਭਾਵ ਦੇ ਸੇਵਾ ਕਰਨ ਅਤੇ ਕੌਮ 'ਚ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ।

## ਸਕੀਪਿੰਗ ਸਿੱਖ ਰਜਿੰਦਰ ਸਿੰਘ ਨੂੰ ਪ੍ਰਿੰਸ ਚਾਰਲਸ ਵੱਲੋਂ ਐਮਬੀਈ ਸਨਮਾਨ



ਪ੍ਰਿੰਸ ਚਾਰਲਸ ਵੱਲੋਂ ਸਕੀਪਿੰਗ ਸਿੱਖ ਵਜੋਂ ਜਾਣੇ ਜਾਂਦੇ 72 ਸਾਲਾ ਬਜ਼ੁਰਗ ਰਜਿੰਦਰ ਸਿੰਘ ਦਾ ਸੈਂਟ ਜੇਮਜ਼ ਪੈਲੇਸ, ਲੰਦਨ 'ਚ ਹੋਏ ਇਕ ਸਮਾਰੋਹ ਦੌਰਾਨ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਕਰੋਨਾ ਸੰਕਟ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਲਈ ਦਿੱਤਾ ਗਿਆ। ਰਜਿੰਦਰ ਸਿੰਘ ਨੇ ਕਰੋਨਾ ਸੰਕਟ ਦੌਰਾਨ ਸਕੀਪਿੰਗ ਵੀਡੀਓਜ਼ ਬਣਾ ਕੇ ਸ਼ੋਸ਼ਲ ਮੀਡੀਆ 'ਤੇ ਪਾਉਣ ਉਪਰੰਤ 14 ਹਜ਼ਾਰ ਪੌਂਡ ਤੋਂ ਵੱਧ ਰਾਸ਼ੀ ਇਕੱਠੀ ਕੀਤੀ ਅਤੇ ਨੈਸ਼ਨਲ ਹੈਲਥ ਸਰਵਿਸ (ਐਨਐਚਐਸ) ਨੂੰ ਸੌਂਪ ਦਿੱਤੀ। ਸੰਕਟ ਸਮੇਂ ਨਿਭਾਈ ਇਸ ਸੇਵਾ ਕਰਕੇ ਉਨ੍ਹਾਂ ਨੂੰ 32 ਹੋਰ ਸ਼ਖ਼ਸੀਅਤਾਂ ਸਮੇਤ ਐਮਬੀਈ ਸਨਮਾਨ ਮਿਲਿਆ। ਇਸ ਮੌਕੇ ਬੋਲਦਿਆਂ ਰਜਿੰਦਰ ਸਿੰਘ ਨੇ ਖ਼ੁਸ਼ੀ ਤੇ ਮਾਣ ਦਾ ਇਜ਼ਹਾਰ ਕੀਤਾ।

## ਸਿੰਗਾਪੁਰ ਦੇ ਪੀਐਮ ਨੇ ਕੀਤੀ ਸਿੱਖਾਂ ਦੀ ਪ੍ਰਸੰਸਾ

ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਸੀਨ ਲੂੰਗ ਨੇ ਕਰੋਨਾ ਮਹਾਂਮਾਰੀ ਦੌਰਾਨ ਸਿੱਖ ਭਾਈਚਾਰੇ ਵੱਲੋਂ ਬਿਨਾ ਕਿਸੇ ਭੇਦ ਭਾਵ ਦੇ ਮਨੁੱਖਤਾ ਦੀ ਹਰ ਤਰ੍ਹਾਂ ਨਾਲ ਸੇਵਾ ਕਰਨ ਦੀ ਪ੍ਰਸੰਸਾ ਕੀਤੀ ਹੈ। ਪ੍ਰਧਾਨ ਮੰਤਰੀ ਚਿੱਟੀ ਦਸਤਾਰ ਅਤੇ ਕੁੜਤਾ ਪਹਿਨ ਕੇ ਸਿਲਟ ਰੋਡ ਸਥਿਤ ਗੁਰਦੁਆਰੇ ਦੇ ਉਦਘਾਟਨ ਸਮਾਰੋਹ 'ਚ ਸ਼ਾਮਲ ਹੋਏ ਅਤੇ ਭਾਈਚਾਰੇ ਦਾ ਸਤ ਸ੍ਰੀ ਅਕਾਲ ਕਹਿ ਕੇ ਅਭਿਵਾਦਨ ਕੀਤਾ। ਇੱਥੇ ਉਨ੍ਹਾਂ ਨੇ ਕਿਹਾ ਕਿ ਗੁਰਦੁਆਰਾ ਅਤੇ ਸਿੱਖ ਭਾਈਚਾਰਾ ਕਰੋਨਾ ਮਹਾਂਮਾਰੀ ਦੇ ਮੁਸ਼ਕਿਲ ਸਮੇਂ ਲੋਕਾਂ ਦੀ ਮਦਦ ਲਈ ਅੱਗੇ ਆਏ। ਉਹਨਾਂ ਧਰਮ ਹਿਤ ਸੇਵਾ ਕੀਤੀ, ਰਾਸ਼ਨ ਵੰਡਿਆ ਅਤੇ ਅਨੇਕਾਂ ਪ੍ਰੋਗਰਾਮ ਆਯੋਜਿਤ ਕੀਤੇ। ❖ ❖



❖ ❖ ❖ ❖